# ਪਵਿੱਤਰ ਆਤਮਾ ਕਿਸ ਲਈ ਦਿੱਤਾ ਜਾਂਦਾ ਹੈ?

ਤੁਸੀਂ ਵੇਖਦੇ ਹੋ ਕਿ ਭਾਈ ਨੇਵਿਲ ਹੱਥ ਰੱਖਣ ਵਿੱਚ ਵਿਸ਼ਵਾਸ ਕਰਦੇ ਹਨ।

ਮੈਂ ਵੇਖਦਾ ਹਾਂ ਕਿ ਮੇਰੇ ਲਈ ਕੁਝ ਪ੍ਰਸ਼ਨ ਰੱਖੇ ਹੋਏ ਹਨ। ਹੁਣ, ਮੈਂ ਇਹਨਾਂ ਪ੍ਰਸ਼ਨਾਂ ਨੂੰ ਕਲ ਰਾਤ ਲਵਾਂਗਾ ਜਾਂ ਇਹਨਾਂ ਮੀਟਿੰਗਾਂ ਦੀ ਆਖਰੀ ਰਾਤ ਨੂੰ ਮੈਂ ਇਹਨਾਂ ਨੂੰ ਲਵਾਂਗਾ ਕਿਉਂਕਿ ਮੇਰੇ ਕੋਲ ਅੱਜ ਰਾਤ ਸਮਾਂ ਨਹੀਂ ਹੈ ਕਿ ਮੈਂ ਇਹਨਾਂ ਪ੍ਰਸ਼ਨਾਂ ਨੂੰ ਪੂਰੀ ਤਰ੍ਹਾਂ ਵੇਖ ਸਕਾਂ। ਹੁਣ ਜੇਕਰ ਕਿਸੇ ਦਾ ਸੰਦੇਸ਼ ਉੱਪਰ ਕੋਈ ਪ੍ਰਸ਼ਨ ਹੈ ਤਾਂ ਉਹ ਉਸਨੂੰ ਕਿਸੇ ਰਾਤ ਨੂੰ ਇੱਥੇ ਰੱਖ ਦੇਵੇ ਅਤੇ ਮੈਂ ਅਗਲੀ ਰਾਤ ਨੂੰ ਉਹਨਾਂ ਨੂੰ ਲੈ ਸਕਦਾ ਹਾਂ।

2 ਹੁਣ ਕਲ ਰਾਤ ਮੈਂ ਇਹ ਵੇਖਣਾ ਚਾਹਾਂਗਾ। ਬਲਕਿ ਜੇ ਹੋ ਸਕਿਆ ਤਾਂ ਇੱਥੇ ਕੁਝ ਸੇਵਕ ਹੋਣਗੇ, ਕੁਝ ਭਲੇ ਦ੍ਰਿੜ ਆਦਮੀ ਅਤੇ ਔਰਤਾਂ ਹਨ, ਜਿਨ੍ਹਾਂ ਨੂੰ ਅਸੀਂ ਸਮੇਂ ਦੀ ਲੋੜ ਅਨੁਸਾਰ ਬੁਲਾ ਸਕਦੇ ਹਾਂ ਕਿ ਉਸ ਘਟਨਾ ਵਿੱਚ…

ਕਲ ਰਾਤ ਅਸੀਂ ਸੰਦੇਸ਼ ਤੋਂ ਬਾਅਦ ਪਵਿੱਤਰ ਆਤਮਾ ਪ੍ਰਾਪਤ ਕਰਨ ਲਈ ਲੋਕਾਂ ਦੇ ਸਿਰਾਂ ਤੇ ਹੱਥ ਰੱਖਣਾ ਸ਼ੁਰੂ ਕਰਾਂਗੇ। ਅਤੇ ਤਦ, ਉੱਥੇ ਹੋਵੇਗਾ…ਜੇਕਰ ਤੁਸੀਂ ਚਾਹੋ ਤਾਂ ਤੁਹਾਡੇ ਠਹਿਰਨ ਦਾ ਪ੍ਰਬੰਧ ਇੱਥੇ ਹੋਵੇਗਾ ਕਿ ਤੁਸੀਂ ਆਪਣੀਆਂ ਸਾਰੀਆਂ ਛੁੱਟੀਆਂ ਇੱਥੇ ਹੀ ਰਹੋ। ਜੇਕਰ ਤੁਸੀਂ ਇਸ ਤੋਂ ਬਹੁਤ ਜਿਆਦਾ ਥੱਕ ਜਾਂਦੇ ਹੋ। ਅਤੇ ਤਦ ਜੇਕਰ—ਜੇਕਰ ਤੁਹਾਡੀ ਇੱਥੇ ਰੁਕਣ ਦੀ ਮਰਜੀ ਨਹੀਂ ਹੈ ਜੇ ਤੁਸੀਂ ਆਪਣੇ ਘਰ ਜਾਣ ਦੀ ਇੱਛਾ ਰੱਖਦੇ ਹੋ, ਕਿਉਂ ਸਾਨੂੰ ਖੁਸ਼ੀ ਹੋਵੇਗੀ ਜੇ ਕਰ ਤੁਸੀਂ ਉਸ ਸਥਾਨ ਤੇ ਪਹੁੰਚ ਗਏ ਹੋ ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ… ਅਸੀਂ ਨਹੀਂ ਜਾਣਦੇ ਕਿ ਤੁਸੀਂ ਕਿੱਥੇ ਜਾਣਾ ਹੈ…

ਅਸੀਂ ਕੁਝ ਸੇਵਕਾਂ ਨੂੰ ਲੈਣਾ ਚਾਹੁੰਦੇ ਹਾਂ। ਉਨ੍ਹਾਂ ਦਾ ਨੰਬਰ ਲੈਣਾ ਚਾਹੁੰਦੇ ਹਾਂ, ਜੇ ਉਹ ਇੱਥੇ ਸ਼ਹਿਰ ਦੇ ਬਾਹਰ ਤੋਂ ਆਏ ਹਨ। ਤਾਂ ਅਸੀਂ ਉਹਨਾਂ ਦੀਆਂ ਠਿਕਾਣਿਆਂ ਦਾ ਨੰਬਰ ਲੈਣਾ ਚਾਹੁੰਦੇ ਹਨ। ਅਤੇ ਇਹ ਜਾਨਣਾ ਚਾਹੁੰਦੇ ਹਾਂ ਕਿ ਉਹ ਕਿੱਥੇ ਠਹਿਰੇ ਹੋਏ ਹਨ ਤਾਂ ਕਿ ਅਸੀਂ ਉਹਨਾਂ ਨੂੰ ਲੈ ਸਕੀਏ ਅਤੇ ਅਸੀਂ ਇੱਕ ਸੇਵਕ ਨੂੰ ਕਿਸੇ ਦੂਸਰੇ ਵਿਅਕਤੀ ਦੇ ਘਰ ਭੇਜ ਸਕੀਏ ਤਾਂ ਕਿ ਤੁਸੀਂ ਜੋ ਕਿ ਇਸ ਮਹਾਨ ਬਰਕਤ ਜਿਸ ਦੇ ਬਾਰੇ ਅਸੀਂ ਬੋਲਣ ਜਾ ਰਹੇ ਹਾਂ

ਅਰਥਾਤ ਪਵਿੱਤਰ ਆਤਮਾ ਦੇ ਬਪਤੀਸਮੇ ਨੂੰ ਪਾਉਣ ਦੀ ਖੋਜ ਕਰ ਰਹੇ ਹੋ ਤੁਹਾਨੂੰ ਇਸ ਦੇ ਨਿਰਦੇਸ਼ ਦੇ ਸਕੀਏ।

3 ਬੀਤੀ ਰਾਤ ਅਸੀਂ ਇਸ ਉੱਤੇ ਬੋਲ ਰਹੇ ਸੀ ਕਿ "ਇਹ ਕੀ ਹੈ"। *ਪਵਿੱਤਰ ਆਤਮਾ ਕੀ ਹੈ?* ਅਤੇ ਅਸੀਂ ਵੇਖਿਆ ਕਿ ਇਹ ਉਹ ਸਭ ਕੁਝ ਹੈ ਜਿਸ ਦਾ ਪਰਮੇਸ਼ਵਰ ਨੇ ਸਾਡੇ ਨਾਲ ਵਾਇਦਾ ਕੀਤਾ ਹੈ। ਉਸ ਸੰਦੇਸ਼ ਵਿੱਚ ਅਸੀਂ ਵੇਖਿਆ ਕਿ ਉਹ ਉਹੀ ਹੈ ਜਿਸਦੀ ਪਰਮੇਸ਼ਵਰ ਦੀ ਸੱਚੀ ਕਲੀਸੀਆ ਨੂੰ ਲੋੜ ਹੈ। ਅਸੀਂ ਵੇਖਿਆ ਹੈ ਕਿ ਇਹ ਇੱਕ ਮੋਹਰ ਹੈ, ਇੱਕ ਸਹਾਇਕ ਹੈ, ਆਰਾਮ ਹੈ ਤੇ ਆਨੰਦ ਅਤੇ ਸ਼ਾਂਤੀ ਹੈ ਅਤੇ ਜੀ ਉਠਣਾ ਹੈ। ਅਤੇ ਪਰਮੇਸ਼ਵਰ ਨੇ ਜਿਹਨਾਂ ਦਾ ਵਾਦਾ ਆਪਣੀ ਕਲੀਸੀਆ ਨਾਲ ਕੀਤਾ ਹੈ, ਉਹ ਸਭ ਕੁਝ ਪਵਿੱਤਰ ਆਤਮਾ ਦੇ ਅੰਦਰ ਪਾਇਆ ਜਾਂਦਾ ਹੈ।

4 ਅਤੇ ਹੁਣ, ਅੱਜ ਰਾਤ, ਅਸੀਂ ਜੋ ਪ੍ਰਚਾਰ ਕਰਨਾ ਚਾਹੁੰਦੇ ਹਾਂ ਜਾਂ ਸਿੱਖਿਆ ਦੇਣਾ ਚਾਹੁੰਦੇ ਹਾਂ…ਇੱਥੇ ਇਸ ਦੇ ਉੱਪਰ ਵਿਸ਼ਿਆਂ ਦੇ ਮੇਰੇ ਕੋਲ ਤਿੰਨ ਜਾਂ ਚਾਰ ਸਫ਼ੇ ਹਨ ਜਾਂ ਵਚਨ ਦੇ ਲੇਖ ਹਨ। ਜਿਹਦੇ ਵਿੱਚ…ਜੋ ਹਵਾਲੇ ਮੈਂ ਕਲ ਰਾਤ ਛੱਡ ਦਿੱਤੇ ਸਨ ਅਤੇ ਮੈਂ ਉਹਨਾਂ ਨੂੰ ਨਹੀਂ ਲਿਆ ਸੀ। ਅਤੇ ਅੱਜ ਮੈਨੂੰ ਪਵਿੱਤਰ ਲਿਖਤਾਂ ਦਾ ਅਧਿਐਨ ਬਹੁਤ ਹੀ ਚੰਗੇ ਢੰਗ ਨਾਲ ਕਰਨਾ ਪਿਆ। ਜਿੰਨੇ ਵੀ ਚੰਗੇ ਢੰਗ ਨਾਲ ਮੈਂ ਕਰ ਸਕਿਆ ਮੈਂ ਕੀਤਾ। ਹੁਣ ਅਤੇ ਕਲ…ਅੱਜ ਰਾਤ ਅਸੀਂ ਇਸ ਵਿਸ਼ੇ ਤੇ ਸਿੱਖਿਆ ਦੇਣ ਜਾ ਰਹੇ ਹਾਂ; *ਪਰਮੇਸ਼ਵਰ ਦਾ ਪਵਿੱਤਰ ਆਤਮਾ ਨੂੰ ਭੇਜਣ ਦਾ ਉਦੇਸ਼ ਕੀ ਸੀ?* ਇਹ ਕਿਸ ਲਈ ਹੈ? ਜੇਕਰ ਇਹ ਇੰਨੀ ਮਹਾਨ ਚੀਜ ਹੈ ਤਾਂ ਖੁਦਾ ਨੇ ਇਸਨੂੰ ਕਿਉਂ ਭੇਜਿਆ?

5 ਤਦ ਕਲ ਰਾਤ ਅਸੀਂ ਇਸ ਤੇ ਬੋਲਣਾ ਚਾਹੁੰਦੇ ਹਾਂ ਕਿ: *ਕੀ ਇਹ ਤੁਹਾਡੇ ਲਈ ਹੈ? ਅਤੇ ਤੁਸੀਂ ਇਸਨੂੰ ਕਿਵੇਂ ਪ੍ਰਾਪਤ ਕਰਨਾ ਹੈ?*

ਅਤੇ ਜਦੋਂ ਇਹ ਤੁਹਾਨੂੰ ਮਿਲ ਜਾਂਦਾ ਹੈ ਤਾਂ ਤੁਹਾਨੂੰ ਕਿਵੇਂ ਪਤਾ ਚੱਲਦਾ ਹੈ ਕਿ ਤੁਹਾਨੂੰ ਮਿਲ ਗਿਆ ਹੈ? ਅਤੇ ਤਦ, ਅਤੇ ਅਸੀਂ ਇਸਨੂੰ ਲਵਾਂਗੇ, ਹਵਾਲੀਆਂ ਨੂੰ ਲੈ ਕੇ, ਸਾਰੀਆਂ ਗੱਲਾਂ ਲਈ ਹਵਾਲੇ ਲੈ ਕੇ ਦਸਾਂਗੇ। ਉਸ ਸਮੇਂ ਜੋ ਪਵਿੱਤਰ ਆਤਮਾ ਦੀ ਖੋਜ ਕਰ ਰਹੇ ਹਨ ਅੱਗੇ ਆਉਣ। ਅਤੇ ਮੈਂ ਆਸ ਕਰਦਾ ਹਾਂ ਕਿ ਤਦ ਇਹ ਬੇਦਾਰੀ ਜਾਰੀ ਹੈ, ਅਤੇ ਉੱਥੋਂ ਲੈ ਕੇ, ਪਵਿੱਤਰ ਆਤਮਾ ਸਾਹਿਤ ਅੱਗੇ ਹੋਰ ਅੱਗੇ ਵੱਧਦੀ ਜਾਵੇਗੀ।

6 ਹੁਣ, ਕਿਉਂਕਿ ਅਜਿਹਾ ਕਲ ਰਾਤ ਹੋਣਾ ਹੈ, ਇਸ ਲਈ ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਚਰਚ ਦੇ ਕਮਰਿਆਂ ਵਿੱਚ ਥੋੜ੍ਹੀ ਦੇਰ ਲਈ ਸ਼ਾਂਤ ਬੈਠਣ, ਮੈਂ ਮਹਿਸੂਸ ਕਰਦਾ ਹਾਂ ਕਿ ਜੇ ਸਾਨੂੰ ਬਹੁਤ ਸਾਰੇ ਲੋਕ ਅਤੇ ਸੇਵਕ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਲੋਕਾਂ ਨੂੰ ਪਵਿੱਤਰ ਆਤਮਾ ਦਿਵਾਉਣ ਵਿੱਚ ਅਗੁਵਾਈ ਕਰਨ

ਦਾ ਤਜਰਬਾ ਹੈ, ਉਹ ਉਹਨਾਂ ਦੇ ਹੌਂਸਲੇ ਨੂੰ ਵਧਾ ਸਕਣ ਕਿ ਕਿਵੇਂ ਇੱਕ—ਇੱਕ ਔਰਤਾਂ ਆਪਣੇ ਪਤੀ ਦੇ ਨਾਲ ਜਾਂ—ਜਾਂ ਕਿਸੇ ਅਜਿਹੇ ਵਿਅਕਤੀ ਨਾਲ ਜੋ ਪਵਿੱਤਰ ਆਤਮਾ ਦਾ ਖੋਜੀ ਹੈ, ਘਰ ਜਾਣ ਤੇ ਇਹ ਇਸਦਾ ਕਿ ਉਹਨਾਂ ਨੇ ਕੀ ਕਰਨਾ ਹੈ, ਇੱਕ ਵਧੀਆ ਨਿਰਦੇਸ਼ ਹੋਵੇਗਾ ਕਿ ਕਿਵੇ ਕਰਨਾ ਹੈ।

ਅੱਜ ਰਾਤ ਜਾਂ ਕਲ ਰਾਤ ਤੁਸੀਂ ਅਪਣਾ ਫੋਨ ਨੰਬਰ ਜਾਂ ਆਪਣਾ ਪਤਾ ਆਪਣੇ ਪਾਸਟਰ ਭਾਈ ਨੇਵਿਲ ਨੂੰ ਦੇ ਦੇਣਾ। ਇਸ ਦੇ ਨਾਲ ਸਭਾ ਵਿੱਚ ਲੋਕਾਂ ਦੀ ਭੀੜ ਹੋਣ ਤੋਂ ਬਚਾ ਰਹੇਗਾ। ਤੁਸੀਂ ਬਸ ਆਪਣਾ ਫੋਨ ਨੰਬਰ ਦਿਓ ਜਿਸ ਨਾਲ ਅਸੀਂ ਤੁਹਾਡੇ ਤਕ ਪਹੁੰਚ ਸਕੀਏ। ਅਤੇ ਤਦ ਤੁਸੀਂ ਆਖਣਾ “ਮੈਂ ਉੱਥੇ ਹੋਵਾਂਗਾ ਅਤੇ ਜੇਕਰ ਅਸੀਂ…ਤੁਸੀਂ ਮੇਰੇ ਘਰ ਵਿੱਚ ਆਉਣਾ ਚਾਹੋਗੇ”। ਜੇਕਰ ਇਹ ਇੱਕ—ਇੱਕ ਔਰਤ ਇਕੱਲੀ ਹੈ ਤਾਂ ਅਸੀਂ ਉਸ ਔਰਤ ਦੇ ਕੋਲ ਕਿਸੇ ਔਰਤ ਨੂੰ ਭੇਜ ਸਕਦੇ ਹਾਂ। ਅਤੇ ਜੇਕਰ ਕਿਸੇ ਘਰ ਵਿੱਚ ਆਦਮੀ ਅਤੇ ਉਸਦੀ ਪਤਨੀ ਹੈ, ਤਾਂ ਉੱਥੇ ਕਿਸੇ ਸੇਵਕ ਨੂੰ ਭੇਜ ਸਕਦੇ ਹਾਂ।

ਅਤੇ ਸਾਨੂੰ ਤੁਹਾਨੂੰ ਸਹਿਯੋਗ ਦੇ ਕੇ ਖੁਸ਼ੀ ਹੋਵੇਗੀ, ਕਿਉਂਕਿ ਮੈਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਹਰੇਕ, ਇਸ ਦਾ ਚਾਹਵੰਦ ਹੈ, ਇਹ ਬਹੁਤ ਹੀ ਜਰੂਰੀ ਹੈ। ਅਤੇ ਯਾਦ ਰੱਖੋ, “ਜੇ ਕੋਈ ਕਿਸੇ ਜਾਨ ਨੂੰ ਉਸ ਦੇ ਦੋਸ਼ਾਂ ਤੋਂ ਬਚਾਉਂਦਾ ਹੈ, ਉਹ ਉਸਦੇ ਬਹੁਤ ਸਾਰੇ ਪਾਪਾਂ ਨੂੰ ਢੱਕ ਲੈਂਦਾ ਹੈ”। ਸਮਝੇ? ਅਤੇ ਮਸੀਹ ਦੀ ਦੁਲਹਨ ਭੁੱਖੀ ਅਤੇ ਪਿਆਸੀ ਹੈ। ਉਹ ਪਰਮੇਸ਼ਵਰ ਦੀ ਸੰਤਾਨ ਨੂੰ ਜਨਮ ਦੇਣ ਦੇ ਲਈ ਪੀੜ੍ਹਾ ਵਿੱਚ ਹੈ।

7 ਅਤੇ ਹੁਣ, ਅੱਜ ਰਾਤ ਇਸ ਤੋਂ ਪਹਿਲਾਂ ਕਿ ਅਸੀਂ ਪਵਿੱਤਰ ਲਿਖਤਾਂ ਨੂੰ ਪੜ੍ਹੀਏ, ਆਓ ਅਸੀਂ ਇੱਕ ਪਲ ਦੇ ਲਈ ਆਪਣਿਆਂ ਸਿਰਾਂ ਨੂੰ ਪ੍ਰਾਰਥਨਾ ਲਈ ਝੁਕਾਈਏ। ਹੁਣ ਤੁਸੀਂ ਜਿਹਨਾਂ ਨੇ ਆਪਣਿਆਂ ਸਿਰਾਂ ਨੂੰ ਝੁਕਾਇਆ ਹੋਇਆ ਹੈ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ ਅਸੀਂ ਇਹ ਦੇਖਣਾ ਚਾਹਾਂਗੇ ਕਿ ਤੁਹਾਡੀ ਕੋਈ ਬੇਨਤੀ ਹੈ?, ਤਾਂ ਤੁਸੀਂ ਬਸ ਆਪਣੇ ਹੱਥਾਂ ਨੂੰ ਉਠਾਉ ਅਤੇ ਆਖੋ, “ਪਰਮੇਸ਼ਵਰ ਮੈਂ ਨਿਸ਼ਠਾਪੂਰਵਕ ਆਪਣੇ ਹੱਥਾਂ ਨੂੰ ਉੱਪਰ ਉਠਾਉਂਦਾ ਹਾਂ। ਮੇਰੀ ਇਹ ਜਰੂਰਤ ਹੈ। ਅਤੇ ਹੇ ਪ੍ਰਭੂ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਮੇਰੀ ਸਹਾਇਤਾ ਕਰ”। ਪਰਮੇਸ਼ਵਰ ਤੁਹਾਨੂੰ ਹਰੇਕ ਨੂੰ ਬਰਕਤ ਦੇਵੇ। ਉਹ ਤੁਹਾਡੇ ਹੱਥਾਂ ਨੂੰ ਵੇਖਦਾ ਹੈ, ਸਵਰਗ ਦੂਤ ਤੁਹਾਡੀਆਂ ਬੇਨਤੀਆਂ ਨੂੰ ਉਸ ਤਕ ਲੈ ਗਏ ਹਨ।

8 ਅਤੇ, ਸੁਰਗੀ ਪਿਤਾ, ਹੁਣ ਅਸੀਂ ਦੁਆ ਵਿੱਚ ਫਿਰ ਤੇਰੇ ਵੱਲ ਆ ਰਹੇ ਹਾਂ। ਬੇਸ਼ੱਕ ਇਸ ਛੋਟੇ ਜਿਹੇ ਸਥਾਨ ਵਿੱਚ ਖੁਦਾ ਦੇ ਬੱਚਿਆਂ ਲਈ ਪਹਿਲਾਂ ਹੀ ਦੁਆ ਕੀਤੀ ਜਾ ਚੁੱਕੀ ਹੈ, ਅਤੇ ਗੀਤ ਗਾਏ ਜਾ ਚੁੱਕੇ ਹਨ। ਅਤੇ ਅਸੀਂ

ਭਰਪੂਰ ਆਨੰਦ ਨਾਲ ਖੁਦਾ ਦੀ ਵਡਿਆਈ ਵਿੱਚ ਆਪਣੇ ਦਿਲਾਂ ਨੂੰ ਉੱਪਰ ਉਠਾਇਆ ਹੈ।

9 ਦਾਊਦ ਨੇ ਆਖਿਆ ਸੀ ਕਿ ਉਹ ਪਵਿੱਤਰ ਲੋਕਾਂ ਦੀ ਸਭਾ ਵਿੱਚ ਆਵੇਗਾ ਅਤੇ ਆਪਣੀਆਂ ਬੇਨਤੀਆਂ ਦੱਸੇਗਾ। ਅਤੇ ਅੱਜ ਰਾਤ ਇੱਥੇ ਬਹੁਤ ਸਾਰੇ ਹੱਥ ਉੱਪਰ ਉੱਠੇ ਹੋਏ ਹਨ। ਮੈਂ ਇਹ ਆਖਾਂਗਾ ਕਿ ਸ਼ਾਇਦ ਇਹ ਹੋ ਸਕਦਾ ਹੈ ਕਿ ਅੱਜ ਰਾਤ ਇਸ ਭਵਨ ਵਿੱਚ ਬੈਠੇ ਹੋਏ ਲੋਕਾਂ ਵਿੱਚੋਂ ਅੱਸੀ ਪ੍ਰਤੀਸ਼ਤ ਲੋਕਾਂ ਨੇ ਬੇਨਤੀਆਂ ਲਈ ਆਪਣੇ ਹੱਥਾਂ ਨੂੰ ਉੱਪਰ ਉਠਾਇਆ ਹੈ। ਦਿਖਾਉਂਦਾ, ਪਰਮੇਸ਼ਵਰ ਕਿ ਅਸੀਂ ਤੇਰੇ ਬਿਨਾਂ ਨਹੀਂ ਚੱਲ ਸਕਦੇ। ਸਾਨੂੰ ਰੋਜਾਨਾ ਤੇਰੀ ਲੋੜ ਹੈ ਤੂੰ ਸਾਡਾ ਜੀਵਨ ਹੈਂ, ਸਾਡਾ ਆਨੰਦ, ਸਾਡੀ ਸੇਹਤ ਸਾਡੀ ਸਹਾਰਾ ਦੇਣ ਵਾਲੀ ਸਮਰੱਥ, ਸਾਡਾ ਆਸਰਾ ਸਾਡੀ ਪਨਾਹ, ਅਤੇ ਦੁਸ਼ਮਣ ਤੋਂ ਬਚਾਉਣ ਵਾਲੀ ਸਾਡੀ ਢਾਲ ਹੈ।

ਅਤੇ ਅਸੀਂ ਜੀਵਨ ਦੀ ਇਸ ਲੜਾਈ ਨੂੰ ਤੇਰੇ ਤੋਂ ਬਿਨਾਂ ਨਹੀਂ ਲੜ ਸਕਦੇ। ਅਜਿਹਾ ਕਰਨਾ ਸਾਡੇ ਲਈ ਪੂਰੀ ਤਰ੍ਹਾਂ ਅਸੰਭਵ ਹੈ, ਅਤੇ ਅਸੀਂ ਪੂਰੀ ਤਰ੍ਹਾਂ ਤੇਰੇ ਭਰੋਸੇ ਹਾਂ। ਕਿਉਂਕਿ ਅਸੀਂ ਜਾਣਦੇ ਹਾਂ ਕਿ ਅਸੀਂ ਹਨੇਰੇ ਅਤੇ ਨਿਰਸ਼ਾਜਨਕ ਸਥਾਨ ਵਿੱਚੋਂ ਲੰਘ ਰਹੇ ਹਾਂ। ਸਾਰੇ ਪਾਸੇ ਦੁਸ਼ਮਨ ਨੇ ਘੇਰਿਆ ਹੈ, ਜਾਲ ਅਤੇ ਫੰਦੇ ਵਿਛਾਏ ਹੋਏ ਹਨ। ਪ੍ਰਭੂ ਸਾਡਾ ਰਾਹ ਵੈਰੀ ਦੇ ਫੰਦਿਆਂ ਨਾਲ ਭਰਿਆ ਹੋਇਆ ਹੈ, ਤਾਂ ਕਿ ਸਾਨੂੰ ਉਹ ਪਰੇਸ਼ਾਨ ਕਰੇ।

10 ਅਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਰਸਤੇ ਦੇ ਆਖਿਰ ਵਿੱਚ ਹਨੇਰੀ ਘਾਟੀ ਹੈ ਜੋ ਕਿ ਮੌਤ ਵੀ ਕਹਾਉਂਦੀ ਹੈ ਜਿੱਥੋਂ ਅਸੀਂ ਲੰਘਣਾ ਹੈ। ਹੇ ਪ੍ਰਭੂ, ਤਦ ਕੌਣ ਸਾਡੇ ਹੱਥਾਂ ਨੂੰ ਫੜੇਗਾ? ਇਸ ਸਮੇਂ ਅਸੀਂ ਤੈਨੂੰ ਜਾਨਣਾ ਚਾਹੁੰਦੇ ਹਾਂ, ਪ੍ਰਭੂ। ਅਸੀਂ ਇਹ ਵੀ ਜਾਨਣਾ ਚਾਹੁੰਦੇ ਹਾਂ, ਕਿ ਤੂੰ ਸਾਡੇ ਹੱਥਾਂ ਨੂੰ ਫ਼ੜਿਆ ਹੋਇਆ ਹੈ, ਅਤੇ ਅਸੀਂ ਤੇਰਾ ਹੱਥ ਲਿਆ ਹੈ, ਕਿ ਸਾਡੇ ਕੋਲ ਉਹ ਦ੍ਰਿੜ ਭਰੋਸਾ ਹੋ ਸਕੇ ਕਿ ਜਦੋਂ ਅਸੀਂ ਆਪਣੀ ਜੀਵਨ ਦੀ ਉਸ ਆਖਰੀ ਘੜੀ ਵਿੱਚ ਆਈਏ, ਅਤੇ ਉਸ ਦਰਵਾਜੇ ਵਿੱਚ ਪ੍ਰਵੇਸ਼ ਕਰੀਏ ਜੋ ਮੌਤ ਕਹਾਉਂਦੀ ਹੈ, ਤਾਂ ਅਸੀਂ ਪ੍ਰਾਚੀਨ ਸੰਤਾਂ ਦੇ ਨਾਲ ਮਿਲ ਕੇ ਇਹ ਆਖ ਸਕੀਏ, "ਮੈਂ ਉਸਨੂੰ ਉਸਦੇ ਜੀ ਉੱਠਣ ਦੀ ਸਮਰੱਥ ਨਾਲ ਜਾਣਦਾ ਹਾਂ, ਅਤੇ ਮੈਂ ਜਾਣਦਾ ਹਾਂ ਕਿ ਜਦ ਉਹ ਬੁਲਾਵੇਗਾ ਤਾਂ ਮੈਂ ਮੁਰਦਿਆਂ ਵਿੱਚੋਂ ਬਾਹਰ ਆ ਜਾਵਾਂਗਾ"।

11 ਹੁਣ, ਪਿਤਾ ਪਰਮੇਸ਼ਵਰ ਅਸੀਂ ਦੁਆ ਕਰਦੇ ਹਾਂ ਕਿ ਤੂੰ ਸਾਡੀਆਂ ਬੇਨਤੀਆਂ ਉੱਤੇ ਅਤੇ ਸਾਡੇ ਇਕੱਠੇ ਹੋਣ ਉੱਤੇ ਬਰਕਤ ਦੇ। ਅਤੇ ਜੇ ਮੈਂ ਕੋਈ ਵੀ ਅਜਿਹੀ ਗੱਲ ਨਾ ਆਖਾਂ ਜੋ ਤੇਰੇ ਵਚਨ ਜਾਂ ਤੇਰੀ ਮਰਜੀ ਦੇ ਵਿਰੁੱਧ ਹੋਵੇ, ਤਾਂ ਤੇਰੇ ਕੋਲ ਅਜੇ ਵੀ ਮੂੰਹ ਬੰਦ ਕਰਨ ਦੀ ਸਮਰੱਥ ਹੈ, ਜਿਵੇਂ ਕਿ ਤੂੰ

ਉਸ ਸਮੇਂ ਕੀਤਾ ਸੀ ਜਦੋਂ ਦਾਨੀਏਲ ਸ਼ੇਰਾਂ ਦੀ ਮਾਂਦ ਵਿੱਚ ਸੀ। ਅਤੇ ਪ੍ਰਭੂ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੂੰ ਅੱਜ ਰਾਤ ਸਾਡੇ ਕੰਨਾਂ ਅਤੇ ਸਾਡੇ ਦਿਲਾਂ ਨੂੰ ਖੋਲ, ਉਹ, ਅਤੇ ਉਹਨਾਂ ਦੇ ਅੰਦਰ ਭੁੱਖ ਅਤੇ ਪਿਆਸ ਪੈਦਾ ਕਰ। ਹੋਣ ਦੇ ਕਿ ਇਹ ਲੋਕ ਇੰਨੇ ਕੁ ਪਿਆਸੇ ਹੋ ਜਾਣ, ਕਿ ਇਹ ਉਸ ਸਮੇਂ ਤਕ ਨਾ ਹੀ ਸੌਂ ਤੇ ਨਾ ਹੀ ਆਰਾਮ ਕਰਨ, ਜਦ ਤਕ ਕਿ ਇਹਨਾਂ ਨੂੰ ਸਹਾਇਕ ਨਹੀਂ ਮਿਲ ਜਾਂਦਾ।

12 ਅਸੀਂ ਨਿਹਚਾ ਕਰਦੇ ਹਾਂ ਕਿ ਅਸੀਂ ਅੰਤ ਦੇ ਦਿਨਾਂ ਵਿੱਚ ਰਹਿ ਰਹੇ ਹਾ, ਉਸ ਦੀ ਆਮਦ ਦੀ ਛਾਂ ਵਿੱਚ ਰਹਿ ਰਹੇ ਹਾਂ। ਪ੍ਰਭੂ ਇਹੋ ਹੀ ਉਹ ਗੱਲ ਹੈ ਜਿਸ ਵੱਲ ਇਹ ਸੰਦੇਸ਼ ਸੰਕੇਤ ਕਰਦੇ ਹਨ। ਇਹ ਲੋਕਾਂ ਨੂੰ ਸੁਚੇਤ ਕਰਨ ਲਈ ਹੈ ਅਤੇ ਚੇਤਾਵਨੀ ਦੇਣ ਲਈ ਹੈ। ਹੋਣ ਦੇ ਕਿ ਅੱਜ ਰਾਤ ਅਸੀਂ ਛਿਲਕੇ ਨੂੰ ਇਸੇ ਸਮੇਂ ਲਾਹ ਕੇ ਬੈਂਚ ਦੇ ਇੱਕ ਪਾਸੇ ਰੱਖ ਦੇਈਏ। ਕਹੀਏ, “ਪ੍ਰਭੂ ਪਰਮੇਸ਼ਵਰ ਮੈਂ ਤੇਰਾ ਬਰਤਨ ਹਾਂ। ਤੇਰਾ ਆਤਮਾ ਮੇਰੇ ਵਿੱਚ ਹੋ ਕੇ ਲਹਿਰਾਂ ਵਾਂਗੂ ਠਾਠਾਂ ਮਾਰੇ, ਮੈਨੂੰ ਸਾਂਚੇ ਵਿੱਚ ਢਾਲ ਕੇ ਆਪਣੇ ਸਰੂਪ ਤੇ ਆਪਣੀ ਇੱਛਾ ਦੇ ਮੁਤਾਬਿਕ ਬਣਾ। ਮੈਂ ਆਪਣਾ ਦਿਲ ਆਪਣੀ ਸਮਰੱਥਾ, ਅਤੇ ਸਭ ਕੁਝ ਤੇਰੇ ਹਵਾਲੇ ਕਰਦਾ ਹਾਂ”।

13 ਪ੍ਰਭੂ, ਸਾਡੀ ਸੁਣੋ। ਅਸੀਂ ਬਾਰਿਸ਼ ਵਾਲੀ ਰਾਤ ਆਪਣੇ ਆਪ ਨੂੰ ਇੱਥੇ ਵਿਖਾਉਣ ਨਹੀਂ ਆਏ। ਅਸੀਂ ਇੱਥੇ ਇਸ ਲਈ ਨਹੀਂ ਆਏ ਕਿ ਸਾਡੇ ਕੋਲ ਕੋਈ ਹੋਰ ਥਾਂ ਨਹੀਂ ਹੈ, ਜਿੱਥੇ ਅਸੀਂ ਜਾ ਸਕੀਏ। ਅਸੀਂ ਇੱਥੇ ਆਪਣੇ ਦਿਲਾਂ ਵਿੱਚ ਇੱਕੋ, ਪਵਿੱਤਰ ਅਤੇ ਪਾਕ ਉਦੇਸ਼ ਲੈ ਕੇ ਆਏ ਹਾਂ ਕਿ ਅਸੀਂ ਆਪਣੇ ਆਪ ਨੂੰ ਤੇਰੇ ਨੇੜੇ ਲੈ ਆਈਏ, ਇਹ ਜਾਣਦੇ ਹੋਏ ਕਿ ਤੂੰ ਸਾਡੇ ਨਾਲ ਵਾਦਾ ਕੀਤਾ ਹੈ ਕਿ ਜੇਕਰ ਅਸੀਂ ਤੇਰੇ ਨੇੜੇ ਆਵਾਂਗੇ ਤਾਂ ਤੂੰ ਸਾਡੇ ਨੇੜੇ ਆਵੇਂਗਾ। ਅਤੇ ਇਸੇ ਲਈ ਹੀ ਅਸੀਂ ਇੱਥੇ ਆਏ ਹਾਂ। ਉਹ ਜੋ ਭੁੱਖਾ ਆਉਂਦਾ ਹੈ ਭੁੱਖ ਹੀ ਵਾਪਿਸ ਨਾ ਜਾਵੇਗਾ। ਯਿਸੂ ਨੇ ਆਖਿਆ, “ਧੰਨ ਹਨ ਉਹ ਜੋ ਧਰਮ ਦੇ ਭੁੱਖੇ ਤੇ ਪਿਆਸੇ ਹਨ”, ਯਿਸੂ ਨੇ ਕਿਹਾ “ਉਹ ਤ੍ਰਿਪਤ ਕਿਤੇ ਜਾਣਗੇ”। ਜੇਕਰ ਅਸੀਂ ਰੋਟੀ ਮੰਗੀਏ, ਤਾਂ ਸਾਨੂੰ ਪੱਥਰ ਨਹੀਂ ਮਿਲਣਗੇ, ਸਾਨੂੰ ਇਹ ਭਰੋਸਾ ਹੈ। ਜੇ ਕਰ ਅਸੀਂ ਮੱਛੀ ਮੰਗੀਏ ਤਾਂ ਸਾਨੂੰ ਸੱਪ ਨਹੀਂ ਮਿਲੇਗਾ। ਪਰ ਸਾਡਾ ਪਿਤਾ ਪਰਮੇਸ਼ਵਰ ਸਾਨੂੰ ਸੁਰਗੀ ਮੰਨੇ ਨਾਲ, ਆਪਣੇ ਵਚਨ ਅਤੇ ਆਤਮਾ ਨਾਲ ਜੋ ਉਸ ਦੀ ਗਵਾਹੀ ਦਿੰਦਾ ਹੈ ਤ੍ਰਿਪਤ ਕਰੇਗਾ। ਪ੍ਰਭੂ, ਹੁਣ ਜਦ ਅਸੀਂ ਤੇਰੀ ਉਡੀਕ ਕਰਰਹੇ ਹਾਂ। ਸਾਡੀਆਂ ਦੁਆਵਾਂ ਅਤੇ ਸਾਡੀਆਂ ਬੇਨਤੀਆਂ ਦਾ ਉੱਤਰ ਦੇ। ਅਸੀਂ ਇਹ ਪ੍ਰਾਰਥਨਾ ਯਿਸੂ ਮਸੀਹ ਦੇ ਨਾਮ ਵਿੱਚ ਕਰਦੇ ਹਾਂ, ਆਮੀਨ।

14 ਹੁਣ, ਤੁਸੀਂ ਜੋ ਲਿਖਤਾਂ ਨੂੰ ਨੋਟ ਕਰ ਰਹੇ ਹੋ, ਕੀ ਤੁਸੀਂ ਫਿਰ ਮੇਰੇ ਨਾਲ ਯੂਹੰਨਾ ਦੀ ਇੰਜੀਲ ਦਾ 14 ਬਾਬ ਕੱਢੋਗੇ। ਅਸੀਂ ਸੰਤ ਯੂਹੰਨਾ ਦਾ 14 ਬਾਬ ਪੜ੍ਹਨਾ ਸ਼ੁਰੂ ਕਰਾਂਗੇ। ਆਓ ਅਸੀਂ ਇਸਨੂੰ 14 ਆਇਤ ਤੋਂ ਪੜ੍ਹਨਾ ਸ਼ੁਰੂ ਕਰੀਏ। ਯੂਹੰਨਾ ਦੀ ਅੰਜੀਲ 14:14 ਆਓ ਅਸੀਂ ਵਚਨ ਦੇ ਇਸ ਹਿੱਸੇ ਨੂੰ ਪੜ੍ਹੀਏ। ਹੁਣ ਤੁਸੀਂ ਇਸ ਵਿੱਚੋਂ ਮੇਰੇ ਉਸ ਵਿਸ਼ੇ ਬਾਰੇ ਬਹੁਤ ਕੁਝ ਪ੍ਰਾਪਤ ਕਰੋਗੇ, ਜੋ ਮੈਂ ਅੱਜ ਰਾਤ ਬੋਲਣਾ ਚਾਹੁੰਦਾ ਹਾਂ।

15 ਅਤੇ ਯਾਦ ਰੱਖੋ ਤੁਸੀਂ ਜਿਹਨਾਂ ਕੋਲ ਲਾਲ ਅੱਖਰਾਂ ਵਾਲਿਆਂ ਬਾਈਬਲ ਹਨ, ਇਹ ਆਇਤ ਲਾਲ ਅੱਖਰਾਂ ਵਿੱਚ ਹਨ, ਇਹ ਆਇਤਾਂ ਉਹ ਹਨ ਜੋ ਆਪ ਯਿਸੂ ਮਸੀਹ ਨੇ ਬੋਲੀਆਂ ਹਨ, ਇਸ ਲਈ ਸਾਨੂੰ ਇਸ ਗੱਲ ਦਾ ਪੱਕਾ ਭਰੋਸਾ ਹੈ ਕਿ ਇਹ ਬਿਲਕੁਲ ਉਸੇ ਹੀ ਤਰ੍ਹਾਂ ਹੋਵੇਗਾ ਜਿਵੇਂ ਉਸ ਨੇ ਆਖਿਆ ਸੀ; "ਆਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਉਸ ਦਾ ਵਚਨ ਕਦੇ ਨਹੀਂ ਟਲੇਗਾ"।

ਹੁਣ ਅਸੀਂ 14 ਬਾਬ ਦੀ 14 ਆਇਤ ਤੋਂ ਪੜ੍ਹਨਾ ਸ਼ੁਰੂ ਕਰਦੇ ਹਾਂ।

*ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ, ਤਾਂ ਮੈਂ ਉਹੋ ਹੀ ਕਰਾਂਗਾ,*

ਕਿੰਨਾ ਮੁਬਾਰਕ ਵਾਦਾ ਹੈ!

*ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ।*

*ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਤੇ ਤੁਹਾਨੂੰ ਦੂਜਾ ਸਹਾਇਕ ਬਖਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇਗਾ।*

*ਅਰਥਾਤ ਸੱਚਾਈ ਦਾ ਆਤਮਾ; ਜਿਸਨੂੰ ਜਗਤ ਨਹੀਂ ਪਾ ਸਕਦਾ, ਕਿਉਂ ਜੋ ਉਹ ਉਸਨੂੰ ਵੇਖਦਾ ਨਹੀ...*

ਹੁਣ, ਤੁਸੀਂ ਜੋ ਯੂਨਾਨੀ ਭਾਸ਼ਾ ਵਿੱਚ ਪੜ੍ਹ ਰਹੇ ਹੋ, ਇੱਥੇ ਵੇਖੋਗੇ, ਨਹੀਂ...ਵੇਖੋ ਉਹਦਾ ਮਤਲਬ "ਸਮਝਣਾ"। "ਕਿਉਂਕਿ ਸੰਸਾਰ ਉਹਨੂੰ ਨਹੀਂ ਸਮਝਦਾ"। ਇਹ ਬਹੁਤ ਹੀ ਸੱਚ ਹੈ। ਹੁਣ ਮੈਨੂੰ ਦੁਬਾਰਾ ਇੱਥੇ ਵੇਖਣ ਦਿਓ।

*ਅਰਥਾਤ ਸੱਚਾਈ ਦਾ ਆਤਮਾ; ਜਿਸਨੂੰ...ਸੱਚਾਈ; ਜਿਸਨੂੰ ਜਗਤ ਨਹੀਂ ਪਾ ਸਕਦਾ, ਕਿਉਂ ਜੋ ਉਹ ਉਸਨੂੰ ਵੇਖਦਾ ਨਹੀਂ, ਨਾ ਹੀ ਉਸਨੂੰ ਜਾਣਦਾ ਹੈ: ਪਰ ਤੁਸੀਂ ਜਾਣਦੇ ਹੋ (ਕਿਸ ਨੂੰ? ਸਹਾਇਕ ਨੂੰ); ਕਿਉਂਕਿ ਉਹ ਤੁਹਾਡੇ ਨਾਲ ਰਹਿੰਦਾ ਹੈ। (ਵਰਤਮਾਨ ਕਾਲ), ... ਉਹ ਤੁਹਾਡੇ ਸੰਗ ਰਹਿੰਦਾ ਹੈ, ਅਤੇ ਤੁਹਾਡੇ ਵਿੱਚ ਹੋਵੇਗਾ।*

ਇਹ ਕੌਣ ਹੈ? ਇਹ ਉਹ ਹੀ ਸਹਾਇਕ ਹੈ

*ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ: ਮੈਂ...*

ਕੋਈ ਜਾਣਦਾ ਹੈ ਕਿ "ਮੈਂ" ਇੱਕ ਵਿਅਕਤੀ ਵਾਚਕ ਪੜਨਾਂਵ ਹੈ

*...ਮੈਂ ਤੁਹਾਡੇ ਕੋਲ ਆਵਾਂਗਾ।*

*ਹੁਣ ਥੋੜੇ ਦੇਰ ਪਿੱਛੋਂ ਜਗਤ ਮੈਨੂੰ ਫਿਰ ਨਾ ਵੇਖੇਗਾ; ਪਰ ਤੁਸੀਂ ਮੈਨੂੰ...ਤੁਸੀਂ ਮੈਨੂੰ ਵੇਖੋਂਗੇ: ਇਸ ਕਰਕੇ ਜੋ ਮੈਂ ਜਿਉਂਦਾ ਹਾਂ, ਤੁਸੀਂ ਵੀ ਜਿਓਗੇ।*

*ਉਸ ਦਿਨ ਤੁਸੀਂ ਜਾਣੋਂਗੇ ਕਿ ਮੈਂ ਆਪਣੇ ਪਿਤਾ ਵਿੱਚ, ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।*

ਇਹ ਹੀ ਮੇਰੇ ਵਿਚਾਰ ਦਾ ਕੇਂਦਰ ਬਿੰਦੂ ਹੋਵੇਗਾ, ਪਰੰਤੂ ਅਸੀਂ ਇਸਨੂੰ ਥੋੜ੍ਹਾ ਜਿਹਾ ਹੋਰ ਪੜ੍ਹਾਂਗਾ। ਮੈਨੂੰ ਇਸਨੂੰ ਦੁਬਾਰਾ ਪੜ੍ਹਨ ਦਿਓ।

*ਉਸ ਦਿਨ* (ਉਸ ਮਹਾਨ ਦਿਨ, ਨਿਆਂ ਵਾਲੇ ਦਿਨ) *ਉਸ ਦਿਨ ਤੁਸੀਂ ਜਾਣੋਂਗੇ ਭਈ ਮੈਂ ਆਪਣੇ ਪਿਤਾ ਵਿੱਚ ਅਤੇ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।*

*ਜਿਹਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਣਾ ਕਰਦਾ ਹੈ, ਉਹ ਹੀ ਮੈਨੂੰ ਪਿਆਰ ਕਰਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਵੀ ਪਿਆਰਾ ਹੋਵੇਗਾ ਅਤੇ ਮੈਂ ਉਹਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਆਪ ਨੂੰ ਉਸ ਉੱਤੇ ਪ੍ਰਗਟ ਕਰਾਂਗਾ।*

*ਯਹੂਦਾ ਨੇ ਉਸਨੂੰ ਕਿਹਾ, ਇਸਕਰਯੋਤੀ ਨਹੀਂ, ਕਿਹਾ ਪ੍ਰਭੂ ਜੀ ਕੀ ਹੋਇਆ ਹੈ ਜੋ ਤੂੰ ਅਪਣਾ ਆਪ ਸਾਡੇ ਉੱਤੇ ਪ੍ਰਗਟ ਕਰੇਂਗਾ ਪਰ ਜਗਤ ਉੱਤੇ ਨਹੀਂ?*

ਉਹ ਹੈ, *ਕੋਸਮੋਸ*, "ਸੰਸਾਰ ਦਾ ਦਸਤੂਰ"। ਜੇ ਤੁਸੀਂ ਇੱਥੇ ਬਾਈਬਲ ਦੇ ਹਾਸ਼ੀਏ ਵਿੱਚ ਪੜ੍ਹੋ ਤਾਂ ਤੁਸੀਂ ਧਿਆਨ ਦਿਓਗੇ। ਤਾਂ ਉੱਥੇ "ਜੀ" ਹੈ। ਅਤੇ ਇੱਥੇ ਕਿਹਾ ਗਿਆ ਹੈ, "*ਕੋਸਮੋਸ*, ਜਾਂ ਸੰਸਾਰ ਦਾ ਦਸਤੂਰ"। ਇਹ ਜਥੇਬੰਦੀ ਕੱਲੀਸਿਆਵਾਂ ਹਨ।

*...ਕੀ ਹੋਇਆ ਜੇ ਤੂੰ ਅਪਣਾ ਆਪ ਸਾਡੇ ਉੱਤੇ ਪ੍ਰਗਟ ਕਰੇਂਗਾ ਅਤੇ* ਜਗਤ ਉੱਤੇ ਨਹੀਂ। ਤੂੰ ਇਹ ਕਿਵੇਂ ਕਰੇਂਗਾ?

*ਯਿਸੂ ਨੇ ਉੱਤਰ ਦਿੱਤਾ ਜੋ ਕੋਈ ਮੈਨੂੰ ਪਿਆਰ ਕਰਦਾ ਹੈ, ਉਹ ਮੇਰੇ ਵਚਨ ਦੀ ਪਾਲਣਾ ਕਰੇਗਾ:* (ਆਮੀਨ) *ਅਤੇ ਮੇਰਾ ਪਿਤਾ ਉਹਨੂੰ*

*ਪਿਆਰ ਕਰੇਗਾ ਅਤੇ ਅਸੀਂ ਉਹਦੇ ਕੋਲ ਆਵਾਂਗੇ ਅਤੇ ਉਹਦੇ ਨਾਲ ਵਾਸ ਕਰਾਂਗੇ।*

*ਜਿਹੜਾ ਮੈਨੂੰ ਪਿਆਰ ਨਹੀਂ ਕਰਦਾ, ਉਹ ਮੇਰੇ ਵਚਨਾਂ ਦੀ ਪਾਲਣਾ ਨਹੀਂ ਕਰਦਾ...*

ਹੋ ਸਕਦਾ ਹੈ ਕਿ ਤੁਸੀਂ ਚਰਚ ਦੀਆਂ ਗੱਲਾਂ ਮੰਨਦੇ ਹੋਵੋ ਪਰੰਤੂ ਉਸਦੀ ਵਚਨ ਦੀ ਪਾਲਣਾ ਕਰਨੀ ਹੈ। ਤੁਸੀਂ ਸਮਝੇ?

*...ਅਤੇ ਇਹ ਵਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਹਨੇ ਮੈਨੂੰ ਘੱਲਿਆ ਹੈ।*

*ਮੈਂ ਇਹ ਗੱਲਾਂ ਤੁਹਾਡੇ ਨਾਲ ਰਹਿੰਦਿਆਂ ਤੁਹਾਨੂੰ ਆਖੀਆਂ ਹਨ।*

*ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸਭੋ ਕੁਝ ਸਿੱਖਲਾਵੇਗਾ ਅਤੇ ਸਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ...*(ਇਹ ਉਸਦਾ ਵਚਨ ਹੈ) *ਤੁਹਾਨੂੰ ਚੇਤੇ ਕਰਾਵੇਗਾ,*

ਤਾਂ ਫਿਰ ਪਰਮੇਸ਼ਵਰ ਨੇ ਕਿਸ ਉਦੇਸ਼ ਲਈ ਪਵਿੱਤਰ ਆਤਮਾ ਭੇਜਿਆ? ਆਪਣੇ ਵਚਨ ਤੇ ਉਹ ਆਸ਼ੀਸ਼ ਦੇਵੇ।

16 ਯਿਸੂ ਨੇ ਆਖਿਆ, "ਉਸ ਦਿਨ ਤੁਸੀਂ ਜਾਣੋਗੇ ਕਿ ਮੈਂ ਪਿਤਾ ਵਿੱਚ ਅਤੇ ਪਿਤਾ ਮੇਰੇ ਵਿੱਚ ਹੈ; ਅਤੇ ਤੁਸੀਂ...ਮੈਂ ਤੁਹਾਡੇ ਵਿੱਚ ਹਾਂ, ਅਤੇ ਤੁਸੀਂ ਮੇਰੇ ਵਿੱਚ ਹੋ"। ਹੁਣ ਜੇ ਅਸੀਂ ਇਹ ਆਖੀਏ...

17 ਹੁਣ, ਯਾਦ ਰੱਖੋ, ਇਹ ਹੋਣ ਜਾ ਰਿਹਾ ਹੈ।

ਲੁਇਸਵਿਲੇ ਦੇ ਇੱਕ ਕ੍ਰਿਸਚਿਅਨ ਬਿਜਨੇਸ ਨੇ ਕੁਝ ਸਮਾਂ ਪਹਿਲਾਂ ਮੈਨੂੰ ਬੁਲਾਇਆ ਸੀ ਅਤੇ ਉਸ ਨੇ ਮੈਨੂੰ ਕਿਹਾ, "ਬਿਲੀ, ਇਹ ਸ਼ਰਮ ਦੀ ਗੱਲ ਹੈ ਇਹ ਸੰਦੇਸ਼ ਜਿਵੇਂ ਕਿ ਤੂੰ ਕਲ ਰਾਤ ਪਰਚਾਰਿਆ ਸੀ, ਇੱਥੇ ਚਾਲੀ ਹਜਾਰ ਲੋਕਾਂ ਤਕ ਪਹੁੰਚਣ ਦੀ ਬਜਾਏ ਡੇਢ ਸੌ, ਜਾਂ ਦੋ ਸੌ, ਤਕ ਹੀ ਪਹੁੰਚਿਆ ਜੋ ਕਿ ਤੇਰੇ ਛੋਟੇ ਜਿਹੇ ਟੇਬਰਨੇਕਲ ਵਿੱਚ ਹੈ"।

18 ਮੈਂ ਕਿਹਾ, "ਸ਼੍ਰੀਮਾਨ ਜੀ, ਜੇ ਪ੍ਰਭੂ ਯਿਸੂ ਨੇ ਆਉਣ ਵਿੱਚ ਦੇਰ ਕੀਤੀ, ਤਾਂ ਹੁਣ ਤੋਂ ਲੈ ਕੇ ਛੇ ਮਹੀਨਿਆਂ ਵਿੱਚ ਇਸ ਨੂੰ ਸਾਰੇ ਸੰਸਾਰ ਵਿੱਚ ਸੁਣਿਆ ਜਾਵੇਗਾ"। ਸਮਝੇ?

ਇਹ ਟੇਪਾਂ ਸਾਰੇ ਸੰਸਾਰ ਵਿੱਚ ਹਰੇਕ ਜਗ੍ਹਾ ਜਾਂਦੀਆਂ ਹਨ। ਅਤੇ ਇਸ ਲਈ ਅਸੀਂ ਇੱਥੇ ਉਹ ਹੀ ਸਿੱਖ ਰਹੇ ਹਾਂ ਜਿਸਦਾ ਅਸੀਂ ਵਿਸ਼ਵਾਸ ਕਰਦੇ

ਹਾਂ ਕਿ ਇਹ ਸੱਚ ਹੈ। ਅਤੇ ਅਸੀਂ ਵੇਖਿਆ ਹੈ ਕਿ ਖੁਦਾ ਨੇ ਇਸ ਨੂੰ ਪ੍ਰਮਾਣਿਤ ਕੀਤਾ ਹੈ ਕਿ ਇਹ ਸੱਚ ਹੈ।

19 ਹੁਣ, ਉਦੇਸ਼, ਪਵਿੱਤਰ ਆਤਮਾ ਭੇਜਣ ਦਾ ਖੁਦਾ ਦਾ ਕੀ ਉਦੇਸ਼ ਸੀ? ਹੁਣ, ਇਸ ਤੇ ਨਿਸ਼ਾਨੀ ਲੱਗਾ ਲਓ, ਆਪਣੇ ਵਿਸ਼ੇ ਦੇ ਆਧਾਰ ਲਈ, ਮੈਂ ਯੂਹੰਨਾ 14 ਤੋਂ ਸਾਰੇ ਬਾਬ ਨੂੰ ਥੱਲੇ ਤਕ ਲੈਣਾ ਚਾਹੁੰਦਾ ਹਾਂ। ਪਰਮੇਸ਼ਵਰ ਦਾ ਮਕਸਦ, ਅਸੀਂ ਇੱਥੇ ਵੇਖਦੇ ਹਾਂ, ਕਿ ਪਵਿੱਤਰ ਆਤਮਾ ਭੇਜਣ ਦਾ ਖੁਦਾ ਦਾ, ਇੱਕ ਹੀ ਮਕਸਦ ਸੀ ਕਿ ਖੁਦ ਪਰਮੇਸ਼ਵਰ ਆਪ ਆਪਣੀ ਕਲੀਸੀਆ ਦੇ ਵਿੱਚ ਵਾਸ ਕਰ ਸਕੇ ਅਤੇ ਆਪਣੀ ਕਲੀਸੀਆ ਦੇ ਦੁਆਰਾ ਆਪਣੀਆਂ ਯੋਜਨਾਵਾਂ ਨੂੰ ਲਗਾਤਾਰ ਜਾਰੀ ਰੱਖ ਸਕੇ।

ਖੁਦਾ ਮਸੀਹ ਦੇ ਦੁਆਰਾ ਆਪਣੀਆਂ ਯੋਜਨਾਵਾਂ ਨੂੰ ਲਗਾਤਾਰ ਪੂਰਿਆਂ ਕਰ ਰਿਹਾ ਸੀ। ਮਸੀਹ ਵਿੱਚੋਂ ਖੁਦਾ ਆਪਣੀ ਕਲੀਸੀਆ ਵਿੱਚ ਆਇਆ ਅਤੇ ਕਲੀਸੀਆ ਦੇ ਰਾਹੀਂ ਉਹ ਆਪਣੇ ਕੰਮਾਂ ਨੂੰ ਲਗਾਤਾਰ ਕਰ ਰਿਹਾ ਹੈ।

20 ਹੁਣ ਅਸੀਂ ਜਾਣਦੇ ਹਾਂ, ਕਿ ਪਵਿੱਤਰ ਆਤਮਾ ਕੀ ਹੈ? ਕਲ ਰਾਤ ਅਸੀਂ ਵੇਖਿਆ ਸੀ ਕਿ ਇਹ ਪਰਮੇਸ਼ਵਰ ਹੈ।

ਹੁਣ, ਜਦ ਅਸੀਂ ਪਰਮੇਸ਼ਵਰ ਪਿਤਾ ਦੇ ਬਾਰੇ ਸੋਚਦੇ ਹਾਂ, ਜਿਵੇਂ ਕਿ ਯਿਸੂ ਨੇ ਇੱਥੇ ਕਿਹਾ ਉਸਦਾ ਪਿਤਾ ਪਰਮੇਸ਼ਵਰ ਪੁੱਤਰ ਯਿਸੂ ਦੇ ਰੂਪ ਵਿੱਚ; ਪਰਮੇਸ਼ਵਰ, ਪਵਿੱਤਰ ਆਤਮਾ, ਜਿਵੇਂ ਕਿ ਅੱਜ ਅਸੀਂ ਇਸਨੂੰ ਕਹਿੰਦੇ ਹਾਂ, ਹੁਣ, ਉਸਦਾ ਮਤਲਬ ਨਹੀਂ ਹੈ ਕਿ ਤਿੰਨ ਵੱਖ-ਵੱਖ ਵਿਅਕਤੀਤਵ ਜਾਂ ਤਿੰਨ ਵੱਖ ਵੱਖ ਖੁਦਾ ਹਨ। ਇਸ ਦਾ ਮਤਲਬ ਤਾਂ ਇਹ ਹੈ ਕਿ ਇੱਕ ਹੀ ਪਰਮੇਸ਼ਵਰ ਤਿੰਨ ਅਹੁਦਿਆਂ ਵਿੱਚ ਹੈ।

ਅਸੀਂ ਇਸ ਨੂੰ ਇਸ ਤਰ੍ਹਾਂ ਕਹਿ ਸਕਦੇ ਹਾਂ। ਜੋ ਕੁਝ ਵੀ ਪਰਮੇਸ਼ਵਰ ਸੀ, ਉਸਨੇ ਉਹ ਮਸੀਹ ਵਿਚ ਪਾ ਦਿੱਤਾ। ਕਿਉਂਕਿ ਉਹ ਨੇ ਆਪਣੇ ਆਪ ਨੂੰ ਖਾਲੀ ਕਰ ਦਿੱਤਾ ਅਤੇ ਮਸੀਹ ਦੇ ਅੰਦਰ ਉਹਨੂੰ ਪਾ ਦਿੱਤਾ। "ਅਤੇ ਉਸ ਪਰਮੇਸ਼ਵਰਤਾਈ ਦੀ ਸਾਰੀ ਭਰਪੂਰੀ ਸੰਦੇਹਵਾਸ ਕਰਦੀ ਸੀ"। ਜੋ ਕੁਝ ਯਹੋਵਾਹ ਸੀ, ਉਸਨੇ ਉਹ ਮਸੀਹ ਵਿੱਚ ਪਾ ਦਿੱਤਾ।

ਅਤੇ ਜੋ ਕੁਝ ਮਸੀਹ ਵਿੱਚ ਸੀ, ਉਸਨੇ ਉਹ ਕਲੀਸੀਆ ਵਿੱਚ ਪਾ ਦਿੱਤਾ; ਕਿਸੇ ਇੱਕ ਮਨੁੱਖ ਵਿੱਚ ਵਿੱਚ ਨਹੀਂ, ਬਲਕਿ ਆਪਣੀ ਸੰਪੂਰਨ ਦੇਹ ਵਿੱਚ। ਇਹ ਹੀ ਹੈ, ਜਿੱਥੇ ਅਸੀਂ ਸਾਰੇ ਇਕੱਠੇ ਏਕਤਾ ਵਿੱਚ ਆਉਂਦੇ ਹਾਂ, ਸਾਡੇ ਕੋਲ ਸਮਰੱਥਾ ਹੁੰਦੀ ਹੈ। ਜੋ ਕੁਝ ਪਰਮੇਸ਼ਵਰ ਸੀ, ਉਹ ਮਸੀਹ ਸੀ; ਅਤੇ ਉਹ ਸਭ ਜੋ ਮਸੀਹ ਸੀ, ਉਹ ਤੁਹਾਡੇ ਵਿੱਚ ਹੈ।

"ਕਿਉਂਕਿ ਪਰਮੇਸ਼ਵਰ ਦੇਹ ਧਾਰੀ ਹੋਇਆ, ਅਤੇ ਸਾਡੇ ਵਿੱਚ ਵਾਸ ਕੀਤਾ"। ਤਿਮੋਥੀਉਸ 3:16, ਜੇ ਤੁਸੀਂ ਇਸਨੂੰ ਲਿਖ ਰਹੇ ਹੋ, "ਨਿਸੰਗ ਭਗਤੀ ਦਾ ਭੇਤ ਵੱਡਾ ਹੈ: ਕਿਉਂਕਿ ਖੁਦਾ ਸ਼ਰੀਰ ਵਿੱਚ ਪ੍ਰਗਟ ਹੋਇਆ ਅਤੇ ਅਸੀਂ ਉਸਨੂੰ ਛੁਹਿਆ। ਪਰਮੇਸ਼ਵਰ, ਯਹੋਵਾਹ, ਦੇਹਧਾਰੀ ਹੋਇਆ, ਅਤੇ ਧਰਤੀ ਉੱਤੇ ਚਲਿਆ ਫਿਰਿਆ। ਅਤੇ ਅਸੀਂ ਆਪਣੀਆਂ ਅੱਖਾਂ ਨਾਲ ਉਸਨੂੰ ਵੇਖਿਆ"।

21 ਅਸੀਂ ਜਾਣਦੇ ਹਾਂ, ਕਿ ਇਸੇ ਬਾਬ ਯੂਹੰਨਾ 14 ਵਿੱਚ, ਫਿਲੀਪੁਸ ਕਹਿੰਦਾ ਹੈ, "ਹੇ ਪ੍ਰਭੂ, ਪਿਤਾ ਦਾ ਦਰਸ਼ਨ ਸਾਨੂੰ ਕਰਾ ਅਤੇ ਸਾਡੇ ਲਈ ਇਹ ਹੀ ਬਹੁਤ ਹੈ"।

22 ਯਿਸੂ ਨੇ ਕਿਹਾ, "ਫਿਲੀਪੁਸ, ਮੈਂ ਇੰਨੀ ਦੇਰ ਤੋਂ ਤੁਹਾਡੇ ਨਾਲ ਹਾਂ, ਅਤੇ ਤੂੰ ਮੈਨੂੰ ਨਹੀਂ ਜਾਣਦਾ? ਜਦ ਤੁਸੀਂ ਮੈਨੂੰ ਵੇਖਿਆ, ਤਾਂ ਤੁਸੀਂ ਪਿਤਾ ਨੂੰ ਵੇਖਿਆ ਹੈ। ਤੂੰ ਮੈਨੂੰ ਕਿਉਂ ਕਹਿੰਦਾ ਹੈਂ, 'ਸਾਨੂੰ ਪਿਤਾ ਦਾ ਦਰਸ਼ਨ ਕਰਾ'?" ਪਰਮੇਸ਼ਵਰ ਦੇਹਧਾਰੀ ਹੋਇਆ ਸੀ।

23 ਹੁਣ ਇਹ ਇੱਥੇ ਹੈ। ਅਸੀਂ ਕਹਿੰਦੇ ਹਾਂ, ਪਿਤਾ ਸਾਡੇ ਉੱਪਰ ਹੈ। ਅਸੀਂ ਆਦਮ ਤੋਂ ਹੀ ਹਾਂ। ਪਿਤਾ, ਪਰਮੇਸ਼ਵਰ, ਮੂਸਾ ਅਤੇ ਇਸਰਾਏਲ ਦੇ ਉੱਤੇ, ਅੱਗ ਦੇ ਖੰਭੇ ਵਿੱਚ ਸੀ। ਫਿਰ, ਪਰਮੇਸ਼ਵਰ ਸਾਡੇ ਸੰਗ ਸੀ, ਮਸੀਹ ਵਿੱਚ; ਅਤੇ ਸਾਡੇ ਨਾਲ ਘੁੰਮਿਆ ਫਿਰਿਆ, ਸਾਡੇ ਨਾਲ ਗੱਲਾਂ ਕੀਤੀਆਂ, ਸਾਡੇ ਨਾਲ ਖਾਧਾ, ਸਾਡੇ ਨਾਲ ਸੁੱਤਾ। ਖੁਦਾ ਸਾਡੇ ਉੱਪਰ; ਖੁਦਾ ਸਾਡੇ ਨਾਲ; ਅਤੇ ਹੁਣ ਖੁਦਾ ਸਾਡੇ ਵਿੱਚ ਹੈ। ਜੋ ਖੁਦਾ ਸੀ, ਉਹ ਮਸੀਹ ਵਿੱਚ ਆ ਗਿਆ; ਜੋ ਕੁਝ ਮਸੀਹ ਸੀ, ਉਹ ਸਭ ਕੁਝ ਕਲੀਸੀਆ ਵਿੱਚ ਆ ਗਿਆ।

ਇਹ ਕੀ ਹੈ? ਖੁਦਾ ਤੁਹਾਡੇ ਵਿੱਚ ਕੰਮ ਕਰ ਰਿਹਾ ਹੈ। ਜਿੱਥੇ ਕਿਤੇ ਵੀ ਖੁਦਾ ਤੁਹਾਨੂੰ ਬੁਲਾਉਣਾ ਚਾਹੁੰਦਾ ਹੈ, ਠੀਕ ਉੱਥੇ ਹੀ ਤੁਸੀਂ ਹੁੰਦੇ ਹੋ, ਅਤੇ ਖੁਦਾ ਆਪਣੀ ਮਰਜੀ ਪੂਰੀ ਕਰਨ ਲਈ ਤੁਹਾਡੇ ਵਿੱਚ ਕੰਮ ਕਰਦਾ ਹੈ। ਸਾਨੂੰ ਇਹਦੇ ਲਈ ਖੁਦਾ ਦੇ ਕਿੰਨੇ ਧੰਨਵਾਦੀ ਹੋਣਾ ਚਾਹੀਦਾ ਹੈ! ਖੁਦਾ ਨੇ, ਪਾਕ ਰੂਹ ਨੂੰ, ਇਸ ਉਦੇਸ਼ ਨਾਲ ਭੇਜਿਆ ਕਿ ਪਰਮੇਸ਼ਵਰ ਆਪਣੀ ਕਲੀਸੀਆ ਵਿੱਚ ਜਿਉਂਦਾ ਰਹੇ, ਅਤੇ ਹਰੇਕ ਯੁੱਗ ਵਿੱਚ ਕੰਮ ਕਰੇ, ਇਸ ਤਰ੍ਹਾਂ ਉਹ ਆਪਣੀ ਰੱਬੀ ਮਰਜੀ ਪੂਰੀ ਕਰ ਰਿਹਾ ਹੈ।

24 ਜਦ ਲੋਕ ਤੁਹਾਡਾ ਮਜਾਕ ਉਡਾਉਂਦੇ ਹਨ, ਉਹ ਤੁਹਾਡਾ ਮਜਾਕ ਨਹੀਂ ਉਡਾਉਂਦੇ ਹਨ, ਉਹ ਉਸਦਾ ਮਜਾਕ ਉਡਾਉਂਦੇ ਹਨ ਜਿਸਨੇ ਤੁਹਾਨੂੰ ਘੱਲਿਆ ਹੈ। ਇਸੇ ਲਈ ਯਿਸੂ ਨੇ ਆਖਿਆ, "ਤੁਸੀਂ ਮੁਬਾਰਕ ਹੋ ਜਦ ਮਨੁੱਖ ਮੇਰੇ ਕਾਰਣ ਤੁਹਾਡੀ ਨਿੰਦਿਆ ਕਰਨ, ਅਤੇ ਝੂਠੀਆਂ ਤੋਹਮਤਾਂ ਤੁਹਾਡੇ ਉੱਤੇ ਲੱਗਾ

ਕੇ ਤੁਹਾਡੀ ਨਿੰਦਿਆ ਕਰਨ ਤੁਸੀਂ ਧੰਨ ਹੋ"। ਅਤੇ, ਫਿਰ, "ਇਹ ਵੀ ਭਈ ਜਿੰਨੇ ਮਸੀਹ ਵਿਚ ਭਗਤੀ ਵਾਲੀ ਉਮਰ ਕੱਟਣੀ ਚਾਹੁੰਦੇ ਹਨ ਉਹ ਬਾਹਲੇ ਦੁਖ ਭੋਗਣਗੇ"।

ਕਿਉਂਕਿ, ਜਦ ਖੁਦਾ ਨੇ ਆਪਣੇ ਆਪ ਨੂੰ ਮਸੀਹ ਵਿੱਚ ਜਾਣੂ ਕਰਾਇਆ, ਤਾਂ ਉਹਨਾਂ ਨੇ ਉਹਦੇ ਨਾਲ ਨਫ਼ਰਤ ਕੀਤੀ, ਬਹੁਤ ਹੀ ਬੁਰਾ। ਕਲੀਸੀਆ ਨੇ, ਕਲੀਸੀਆ ਨੇ ਸਭ ਤੋਂ ਵੱਧ ਉਹਦੇ ਨਾਲ ਨਫ਼ਰਤ ਕੀਤੀ। ਉਹਨਾਂ ਨੇ ਉਸ ਨਾਲ ਇੱਕ ਸ਼ਰਾਬੀ ਤੋਂ ਵੀ ਵੱਧ ਨਫ਼ਰਤ ਕੀਤੀ। ਉਹਨਾਂ ਨੇ ਉਸ ਨਾਲ ਬਾਕੀ ਸਭ ਲੋਕਾਂ ਤੋਂ ਵੱਧ ਨਫ਼ਰਤ ਕੀਤੀ। ਇਹ ਨਾਮਧਾਰੀ ਕਲੀਸੀਆ ਸੀ ਜਿਨੇ ਉਸ ਨਾਲ ਘਿਰਣਾ ਕੀਤੀ। ਇਸ ਲਈ, ਜਦੋਂ ਤੁਸੀਂ *ਕੋਸਮੋਸ* ਨੂੰ ਵੇਖਦੇ ਹੋ, "ਸੰਸਾਰ ਦੀ ਬਿਵਸਥਾ, ਜਗਤ ਉਸਨੂੰ ਨਹੀਂ ਜਾਣਦਾ ਹੈ"। ਇਸ ਦਾ ਮਤਲਬ ਹੈ, "ਕਲੀਸੀਆ," ਅਖੋਤੀ, "ਉਹਨੂੰ ਨਹੀਂ ਜਾਣਿਆ। ਉਹ ਆਪਣਿਆਂ ਦੇ ਕੋਲ ਆਇਆ, ਅਤੇ ਉਸਦੇ ਆਪਣਿਆਂ ਨੇ ਉਸਨੂੰ ਕਬੂਲ ਨਾ ਕੀਤਾ"।

"ਪਰ ਜਿੰਨਿਆ ਨੇ ਉਸਨੂੰ ਕਬੂਲ ਕੀਤਾ, ਉਨ੍ਹਾਂ ਨੂੰ ਉਸਨੇ ਪਰਮੇਸ਼ਵਰ ਦੇ ਪੁੱਤਰ ਬਣਨ ਦਾ ਹੱਕ ਦਿੱਤਾ ਉਨ੍ਹਾਂ ਨੂੰ ਜਿਨ੍ਹਾਂ ਨੇ ਉਹਦੇ ਨਾਲ ਤੇ ਨਿਹਚਾ ਕੀਤੀ"। ਔਹ, ਸਾਨੂੰ ਉਸਦੇ ਨਾਲ ਕਿੰਨਾ ਪਿਆਰ ਅਤੇ ਉਸਦੀ ਭਗਤੀ ਕਰਨੀ ਚਾਹੀਦੀ ਹੈ! ਪਰਮੇਸ਼ਵਰ ਦਾ ਉਦੇਸ਼ ਸੀ, ਕਿ ਉਹ ਤੁਹਾਡੀ ਸੰਗਤਿ ਵਿੱਚ ਆਉਣਾ ਚਾਹੁੰਦਾ ਹੈ!

25 ਜਿਵੇਂ, ਇਸ ਤੋਂ ਪਹਿਲਾਂ ਕਿ ਅਸੀਂ ਉਸ ਵਿਸ਼ੇ ਨੂੰ ਛੱਡੀਏ, ਆਓ ਅਸੀਂ ਇਸਨੂੰ ਲਈਏ; ਰੂਥ ਦੇ ਦਿਨਾਂ ਵਿੱਚ, ਜਦ ਨਾਓਮੀ ਆਪਣੇ ਦੇਸ਼ ਨੂੰ ਛੱਡ ਕੇ ਚਲੀ ਗਈ ਸੀ, ਕਿਉਂਕਿ ਉੱਥੇ ਪ੍ਰੀਖਿਆ ਦਾ ਸਮਾਂ ਸੀ, ਉੱਥੇ ਕਸ਼ਟ ਦਾ ਸਮਾਂ ਸੀ। ਉਹ ਮੋਆਬ ਵਿੱਚ ਆ ਪਹੁੰਚੀ, ਜਿੱਥੇ ਸਿਲਗਰਮ ਠੰਡੇ ਮਸੀਹੀ ਸਨ। ਕਿਉਂਕਿ ਮੋਆਬ ਦੇ ਲੋਕ ਲੂਤ ਦੀ ਧੀ ਤੋਂ ਪੈਦਾ ਹੋਏ ਸਨ, ਅਤੇ ਉਹ ਨਾਮ ਦੇ ਹੀ ਵਿਸ਼ਵਾਸੀ ਸਨ। ਕਿਉਂਕਿ, ਅਤੇ ਰਲੀ ਮਿਲੀ ਕਿਸਮ ਦੇ ਹੀ ਸਨ। ਅਤੇ ਫਿਰ ਉਸਦਾ ਪਤੀ ਅਤੇ ਪੁੱਤਰ ਮਰ ਜਾਂਦੇ ਹਨ। ਅਤੇ ਨਾਓਮੀ...ਆਪਣੇ ਘਰ ਜਾਣ ਨੂੰ ਰਾਹ ਵਿੱਚ ਹੀ ਸੀ, ਰੂਥ ਅਤੇ ਨਾਓਮੀ ਘਰ ਜਾਣ ਨੂੰ ਹੀ ਸਨ... ਉਸਦੀ ਇੱਕ ਨੂੰਹ, ਆਰਪਾਹ, ਨੇ ਕਿਹਾ ਕਿ ਆਪਣੇ ਲੋਕਾਂ ਕੋਲ ਆਪਣੇ ਦੇਸ਼ ਨੂੰ ਵਾਪਿਸ ਜਾਵੇਗੀ, ਉਹ ਵਾਪਸ ਆਪਣਿਆਂ ਦੇਵਤਿਆਂ ਕੋਲ ਆਪਣੇ ਚਰਚ ਕੋਲ ਜਾਵੇਗੀ। ਅਤੇ ਨਾਓਮੀ ਨੇ ਕੋਸ਼ਿਸ਼ ਕੀਤੀ। ਕਿ ਉਹ ਰੂਥ ਨੂੰ ਵਾਪਿਸ ਭੇਜ ਦੇਵੇ ਪਰ ਰੂਥ ਨੇ ਕਿਹਾ, "ਤੇਰੇ ਲੋਕ ਮੇਰੇ ਲੋਕ ਹਨ। ਤੇਰਾ ਖੁਦਾ ਮੇਰਾ ਖੁਦਾ ਹੈ। ਜਿੱਥੇ ਤੂੰ ਮਰੇਂਗੀ, ਉੱਥੇ ਹੀ ਮੈਂ ਮਰਾਂਗੀ। ਜਿੱਥੇ ਤੂੰ ਦੱਬੀ ਜਾਵੇਂਗੀ, ਉੱਥੇ ਹੀ ਮੈਂ ਵੀ ਦਫ਼ਨਾਈ ਜਾਵਾਂਗੀ। ਅਤੇ ਮੈਂ ਵਾਪਿਸ ਨਹੀਂ ਮੁੜਾਂਗੀ"।

26 ਅਜਿਹਾ ਉਸ ਵੇਲੇ ਹੁੰਦਾ ਹੈ ਜਦ ਕਿਸੇ ਆਦਮੀ ਨੂੰ ਦਰਸ਼ਨ ਮਿਲਦਾ ਹੈ। ਉਸ ਉੱਤੇ ਇਸਦਾ ਕੋਈ ਅਸਰ ਨਹੀਂ ਹੁੰਦਾ ਕਿ ਉਸਦੇ ਲੋਕਾਂ ਨੇ ਆਖਿਆ, "ਤੂੰ ਉੱਥੇ ਪਵਿੱਤਰ ਪਾਖੰਡੀ ਜਾਂ ਇਸੇ ਤਰ੍ਹਾਂ ਦੀ ਹੀ ਕੁਝ ਬਣਨ ਜਾ ਰਹੀ ਹੈਂ"। ਇਸ ਨਾਲ ਰੂਥ ਨੂੰ ਕੋਈ ਵੀ ਫਰਕ ਨਹੀਂ ਪਿਆ। ਉੱਥੇ ਤਾਂ ਖੁਦਾ ਦਾ ਇੱਕ ਉਦੇਸ਼ ਸੀ ਜੋ ਕਿ ਪੂਰਾ ਹੋਣਾ ਸੀ।

27 ਇਹ ਉਸੇ ਤਰ੍ਹਾਂ ਦ੍ਰਿੜ ਹੈ ਜਿਸ ਤਰ੍ਹਾਂ ਅੱਜ ਪਵਿੱਤਰ ਆਤਮਾ ਦੇ ਲਈ ਭੁੱਖੇ ਹੋ, ਇਹ ਤੁਹਾਡੇ ਅੰਦਰ ਕੁਝ ਹੈ, ਜੋ ਤੁਹਾਨੂੰ ਖਿੱਚ ਰਿਹਾ ਹੈ, ਇਹ ਖੁਦਾ ਦਾ ਉਦੇਸ਼ ਹੈ ਜੋ ਤੁਹਾਡੇ ਜੀਵਨ ਵਿੱਚ ਪੂਰਾ ਹੋਣਾ ਹੈ, ਜਿਵੇਂ ਕਿ ਇਹ ਰੂਥ ਦੇ ਜੀਵਨ ਵਿੱਚ ਪੂਰਾ ਹੋਇਆ ਸੀ।

28 ਇਹ ਕਹਾਣੀ ਬਹੁਤ ਹੀ ਸੁੰਦਰ ਹੈ! ਮੈਂ ਇਸਨੂੰ ਬਸ ਇੱਕ ਪਲ ਵਿੱਚ ਹੀ ਛੱਡ ਨਹੀਂ ਸਕਦਾ, ਤੁਸੀਂ ਛੁਟਕਾਰੇ ਦੀ ਬਿਵਸਥਾ ਜਾਣਦੇ ਹੋ, ਕਿ ਜਦ ਬੋਆਜ...ਤੁਸੀਂ ਇਸ ਕਹਾਣੀ ਨੂੰ ਜਾਣਦੇ ਹੋ ਕਿ ਕਿਵੇਂ ਰੂਥ ਖੇਤ ਵਿੱਚ ਸਿੱਟੇ ਚੁਗਦੀ ਹੈ। ਅਤੇ ਬੋਆਜ ਦੀ ਨਿਗਾਹ ਵਿੱਚ ਕਿਰਪਾ ਦਾ ਭਾਗਿ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਉਹ ਉਸ ਨਾਲ ਵਿਆਹ ਕਰਦਾ, ਉਸਨੇ ਉਹ ਸਭ ਕੁਝ ਛੁਡਾਉਣਾ ਸੀ ਜੋ ਨਾਓਮੀ ਨੇ ਗੁਆ ਦਿੱਤਾ ਸੀ। ਅਤੇ ਛੁਟਕਾਰੇ ਦੇ ਨਿਯਮ ਦੇ ਅਨੁਸਾਰ ਸਿਰਫ਼ ਇੱਕ ਹੀ ਮਨੁੱਖ ਸੀ ਜੋ ਉਸਦੀ ਗੁਆਚੀ ਹੋਈ ਜਾਇਦਾਦ ਨੂੰ ਛੁਡਾ ਸਕਦਾ ਸੀ, ਉਹ ਸੀ ਉਸਦਾ ਨੇੜੇ ਦਾ ਸਾਕ; ਇਸ ਤੋਂ ਪਹਿਲਾਂ ਕਿ ਉਹ ਛੁਡਾ ਸਕੇ ਉਸਦਾ ਨੇੜੇ ਦਾ ਸਾਕ ਹੋਣਾ ਜਰੂਰੀ ਸੀ। ਅਤੇ ਉਹ ਉਸਦੇ ਨੇੜੇ ਦੇ ਰਿਸ਼ਤੇਦਾਰਾਂ ਵਿੱਚੋਂ ਸੀ, ਅਤੇ ਉਸਨੇ ਫਾਟਕ ਤੋਂ ਬਾਹਰ ਲੋਕਾਂ ਦੀ ਗਵਾਹੀ ਦੇਣੀ ਸੀ। ਅਤੇ ਉਸਨੇ ਜਨਤਕ ਤੌਰ ਤੇ ਇਹ ਇਕਰਾਰ ਕਰਨਾ ਸੀ, ਕਿ ਉਸਨੇ ਨਾਓਮੀ ਦਾ ਸਭ ਕੁਝ ਛੁਡਾ ਲਿਆ ਹੈ ਜੋ ਉਸਨੇ ਗੁਆ ਦਿੱਤਾ ਸੀ। ਅਤੇ ਬੋਆਜ ਨੇ ਬਜੁਰਗਾਂ ਸਾਹਮਣੇ ਆਪਣੀ ਜੁੱਤੀ ਨੂੰ ਠੁੱਠ ਮਾਰਨ ਦੇ ਰਾਹੀਂ ਇਹ ਕੀਤਾ, ਅਤੇ ਕਿਹਾ, "ਜੇ ਇੱਥੋਂ ਕੋਈ ਵੀ ਅਜਿਹਾ ਹੈ ਜਿਸਦੇ ਕੋਲ ਨਾਓਮੀ ਦਾ ਕੁਝ ਵੀ ਹੈ, ਅੱਜ ਮੈਂ ਉਸਨੂੰ ਛੁਡਾ ਲਿਆ ਹੈ"।

29 ਬਿਲਕੁਲ ਇਸੇ ਤਰ੍ਹਾਂ ਖੁਦਾ ਨੇ ਕੀਤਾ, ਉਸਨੇ ਆਪਣੇ ਹੀ ਨਿਯਮਾਂ ਦੀ ਪਾਲਣਾ ਕੀਤੀ। ਖੁਦਾ ਇਸ ਤਰ੍ਹਾਂ ਨਹੀਂ ਕਰ ਸਕਦਾ ਕਿ ਉਹ ਤੁਹਾਨੂੰ ਕੋਈ ਹੋਰ ਨਿਯਮ ਦੇਵੇ ਜਿਸ ਦੀ ਕਿ ਤੁਸੀਂ ਪਾਲਣਾ ਕਰੋ ਅਤੇ ਆਪਣੇ ਲਈ ਕੋਈ ਹੋਰ ਨਿਯਮ ਬਣਾਓ ਜਿਸਦੀ ਕਿ ਉਹ ਆਪ ਪਾਲਣਾ ਕਰੇ। ਉਹ ਤਾਂ ਆਪਣੇ ਨਿਯਮਾਂ ਦੀ ਪਾਲਣਾ ਕਰਦਾ ਹੈ। ਫਿਰ, ਖੁਦਾ, ਗੁਆਚੀ ਹੋਈ ਕਲੀਸੀਆ ਨੂੰ, ਨਾਸ਼ਵਾਨ ਜਗਤ ਨੂੰ, ਨਾਸ਼ਵਾਨ ਸ੍ਰਿਸ਼ਟੀ ਨੂੰ ਨਾਸ਼ਵਾਨ ਮਨੁੱਖ ਜਾਤੀ ਨੂੰ ਬਚਾਉਣ ਲਈ; ਖੁਦਾ, ਜੋ ਕਿ ਅਨੰਤ ਆਤਮਾ ਹੈ। ਖੁਦ ਸਾਡਾ ਨੇੜੇ ਦਾ ਸਾਕ

ਬਣਿਆ, ਉਹ ਇੱਕ ਮਨੁੱਖ ਬਣਿਆ, ਪੁੱਤਰ ਬਣਿਆ ਜਿਸ ਦੀ ਰਚਨਾ ਉਸਨੇ ਮਰਿਯਮ ਦੇ ਗਰਭ ਵਿੱਚ ਕੀਤੀ। ਅਤੇ ਫਿਰ ਉਸਨੇ ਇੱਕ ਚਿੰਨ੍ਹ ਦਿੱਤਾ, ਜਾਂ ਗਵਾਹੀ ਦਿੱਤੀ; ਉਹ ਧਰਤੀ ਅਤੇ ਆਕਾਸ਼ ਦੇ ਵਿਚਾਲੇ ਲਟਕਾਇਆ ਗਿਆ, ਅਤੇ ਮਰ ਗਿਆ ਅਤੇ ਉਸਨੇ ਸਭ ਚੀਜਾਂ ਨੂੰ ਛੁਡਾਇਆ। ਅਤੇ ਆਪਣਾ ਲਹੂ ਬਹਾ ਕੇ, ਉਸ ਨੇ ਕਲੀਸੀਆ ਨੂੰ ਪਵਿੱਤਰ ਕੀਤਾ, ਤਾਂ ਕਿ ਉਹ ਉਸ ਵਿੱਚ ਵਾਸ ਕਰ ਸਕੇ ਅਤੇ ਉਸ ਨਾਲ ਸੰਗਤ ਅਤੇ ਗੱਲਬਾਤ ਕਰੇ। ਜਿੱਥੇ ਉਸਨੇ ਸੰਗਤ ਗੁਆ ਲਈ ਸੀ। ਜਿੱਥੇ ਪਰਮੇਸ਼ਵਰ ਅਦਨ ਵਿੱਚ ਹਰ ਰੋਜ ਸ਼ਾਮ ਨੂੰ ਉਹਨਾਂ ਨਾਲ ਗੱਲਬਾਤ ਅਤੇ ਸੰਗਤ ਕਰਦਾ ਸੀ। ਸੰਗਤੀ ਦਾ ਵੇਲਾ।

ਕੀ ਤੁਸੀਂ ਧਿਆਨ ਦਿੱਤਾ? ਪਰਮੇਸ਼ਵਰ ਦਿਨ ਦੀ ਠੰਡਕ ਵੇਲੇ, ਸੂਰਜ ਦੇ ਡੁੱਬਣ ਵੇਲੇ ਥੱਲੇ ਆਉਂਦਾ ਸੀ। ਜਦ ਸ਼ਾਮ ਸ਼ੁਰੂ ਹੋਣੀ ਹੁੰਦੀ ਹੈ ਤਾਂ ਲੋਕ ਕਲੀਸੀਆ ਖੁਦਾ ਦੇ ਬਾਰੇ ਸੋਚਦੇ ਹਨ ਇਸ ਦੇ ਬਾਰੇ ਵਿੱਚ ਕੋਈ ਗੱਲ ਹੈ; ਮਸੀਹੀਓ। ਜਦ ਤੁਸੀਂ ਸੂਰਜ ਨੂੰ ਡੁਬਦੇ ਹੋਏ ਵੇਖਦੇ ਹੋ, ਤਾਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਤੁਹਾਡਾ ਸੂਰਜ ਵੀ ਡੁੱਬ ਰਿਹਾ ਹੈ।

30 ਅਤੇ ਸ਼ਾਮ ਨੂੰ ਠੰਡੇ ਉਹ ਥੱਲੇ ਆਉਂਦਾ ਸੀ ਅਤੇ ਉਹਨਾਂ ਦੇ ਨਾਲ ਸੰਗਤ ਕਰਦਾ ਸੀ। ਅਤੇ ਉੱਥੇ ਉਸਦੀ ਉਹ ਸੰਗਤ ਖਤਮ ਹੋ ਗਈ ਸੀ, ਕਿਉਂਕਿ ਪਾਪ ਨੇ ਉਸ ਸੰਗਤ ਨੂੰ ਤੋੜ ਦਿੱਤਾ ਸੀ।

ਅਤੇ ਫਿਰ ਉਹ ਦੇਹਧਾਰੀ ਹੋ ਗਿਆ ਅਤੇ ਉਸਨੇ ਸਾਡੇ ਵਿੱਚ ਵਾਸ ਕੀਤਾ, ਕਿ ਉਹ ਦੁਬਾਰਾ ਮਨੁੱਖ ਦੇ ਕੋਲ ਆ ਸਕੇ, ਅਤੇ ਮਨੁੱਖ ਵਿੱਚ ਵਾਸ ਕਰ ਸਕੇ, ਅਤੇ ਮਨੁੱਖ ਨੂੰ ਦੁਬਾਰਾ ਉਸ ਹਾਲਤ ਵਿੱਚ ਲੈ ਕੇ ਆ ਸਕੇ ਜਿੱਥੇ ਉਹ ਉਸ ਨਾਲ ਦੁਬਾਰਾ ਸੰਗਤ ਕਰ ਸਕੇ ਅਤੇ ਪਰਮੇਸ਼ਵਰ ਦੁਆਰਾ ਦਿੱਤੇ ਅਧਿਕਾਰਾਂ ਨੂੰ ਫਿਰ ਬਹਾਲ ਕਰੇ, ਇਹ ਹੀ ਉਸ ਨੇ ਕੀਤਾ ਸੀ।

31 ਇਹ ਹੀ ਪਵਿੱਤਰ ਆਤਮਾ ਦਾ ਉਦੇਸ਼ ਹੈ। ਇਹ ਪਿਤਾ ਹੈ, ਪਿਤਾ ਪਰਮੇਸ਼ਵਰ, ਫਿਰ ਦੁਬਾਰਾ ਤੁਹਾਡੇ ਵਿੱਚ ਵਾਸ ਕਰਦਾ ਹੈ, ਅਤੇ ਆਪਣੇ ਕੰਮਾਂ ਨੂੰ ਤੁਹਾਡੇ ਵਿੱਚ ਦੀ ਹੋ ਕੇ ਕਰ ਰਿਹਾ ਹੈ, ਤਾਂ ਕਿ ਆਪਣੇ ਛੁਟਕਾਰੇ ਦੀ ਯੋਜਨਾ ਨੂੰ ਸੰਪੂਰਨ ਕਰੇ; ਉਹ ਤੁਹਾਡੇ ਵਿੱਚ ਆ ਕੇ ਕੰਮ ਕਰ ਰਿਹਾ ਹੈ, ਉਹ ਤੁਹਾਨੂੰ ਆਪਣੇ ਨਾਲ ਸਹਿਯੋਗੀ ਬਣਾ ਰਿਹਾ ਤੁਹਾਨੂੰ ਥਾਂ ਦੇ ਰਿਹਾ ਹੈ, ਨਾਸ਼ ਹੋ ਰਹੇ ਭਾਈਓ ਅਤੇ ਭੈਣੋ; ਤੁਹਾਨੂੰ ਅਪਣਾ ਪਿਆਰ ਅਤੇ ਆਤਮਾ ਦੇ ਰਿਹਾ ਹੈ। ਤਾਂ ਕਿ ਤੁਸੀਂ ਗੁਆਚੇ ਹੋਇਆਂ ਦੀ ਭਾਲ ਕਰੋ, ਜਿਵੇਂ ਉਸਨੇ ਅਦਨ ਦੇ ਭਾਗ ਵਿੱਚ ਕੀਤਾ ਸੀ। “ਆਦਮ, ਆਦਮ ਤੂੰ ਕਿੱਥੇ ਹੈਂ?” ਇਹੋ ਹੀ ਪਵਿੱਤਰ ਆਤਮ ਕਿਸੇ ਆਦਮੀ ਜਾਣ ਔਰਤ ਨਾਲ ਕਰਦਾ ਹੈ। ਜਦ ਇਹ ਉਨ੍ਹਾਂ ਦੇ

ਦਿਲ ਨਾਲ ਟਕਰਾਉਂਦਾ ਹੈ ਅਤੇ ਆਪਣੀ ਥਾਂ ਪਾਉਂਦਾ ਹੈ ਤਾਂ ਫਿਰ ਉਸ ਦਿਲ ਅੰਦਰ ਗੁਆਚਿਆਂ ਹੋਇਆਂ ਲਈ ਭੁੱਖ ਅਤੇ ਪਿਆਸ ਹੁੰਦੀ ਹੈ।

ਇਹ ਹੀ ਮਾਮਲਾ ਅੱਜ ਸੰਗਤਾਂ ਨਾਲ ਹੈ। ਉਹਨਾਂ ਵਿੱਚ ਆਤਮਾ ਦੀ ਛੋਹ ਬਹੁਤ ਜਿਆਦਾ ਨਹੀਂ ਹੁੰਦੀ ਹੈ। ਕਿ ਉਹ ਮਰ ਰਹੇ ਅਤੇ ਗੁਆਚੇ ਹੋਏ ਲੋਕਾਂ ਦੇ ਪਿੱਛੇ ਜਾਣ। ਇਹ ਆਤਮਾਵਾਂ ਜਿੱਤਣ ਦੀ ਬਜਾਏ ਨਾਮ ਕਮਾਉਣਾ ਚਾਹੁੰਦੇ ਹਨ ਜਾਂ ਗਿਰਜਾ ਜਾਂ ਇਮਾਰਤ ਜਾਂ ਨਾਮਧਾਰੀ ਕਲੀਸੀਆ ਨੂੰ ਬਣਾਉਣ ਦੇ ਕੰਮ ਕਰਦੇ ਹਨ। ਕਿੰਨੀ ਤਰਸਯੋਗ ਹਾਲਤ ਹੈ! ਅਸੀਂ ਇਸ ਤੇ ਕਾਫੀ ਦੇਰ ਤਕ ਰੁਕ ਸਕਦੇ ਹਾਂ।

ਖੁਦਾ ਨੇ ਆਪਣੇ ਆਪ ਨੂੰ ਮਸੀਹ ਵਿੱਚ ਉਂਡੇਲ ਦਿੱਤਾ। ਠੀਕ ਹੈ।

32 ਮਸੀਹ ਨੇ ਆਪਣੇ ਆਪ ਨੂੰ ਮਸੀਹ ਵਿੱਚ ਉਂਡੇਲ ਦਿੱਤਾ। ਇਸ ਲਈ, ਹੁਣ ਵੇਖੋ, "ਉਸ ਦਿਨ ਜਾਣੋਗੇ ਕਿ ਮੈਂ ਪਿਤਾ ਵਿੱਚ, ਅਤੇ ਤੁਸੀਂ ਮੇਰੇ ਵਿਚ, ਅਤੇ ਮੈਂ ਤੁਹਾਡੇ ਵਿੱਚ ਹਾਂ। ਉਸ ਦਿਨ ਤੁਸੀਂ ਜਾਣੋਗੇ"। ਕਿਉਂਕਿ, ਇਹ, ਸਾਰੀ ਗੱਲ ਛੁਟਕਾਰੇ ਦੀ ਯੋਜਨਾ ਦੀ ਹੈ, ਕਿ ਖੁਦਾ ਆਪਣੇ ਲੋਕਾਂ ਵਿੱਚ ਫਿਰ ਵਾਸ ਕਰਨ ਦੇ ਲਈ, ਅਤੇ ਉਹਨਾਂ ਨਾਲ ਸੰਗਤ ਕਰਨ ਲਈ ਵਾਪਿਸ ਆ ਰਿਹਾ ਹੈ, ਜਿਵੇਂ ਉਸਨੇ ਸ਼ੁਰੂ ਕੀਤਾ ਸੀ।

ਹੁਣ, ਤਦ, ਉਹ ਆਪਣੇ ਕਲੀਸੀਆ ਨੂੰ ਉਸ ਹਾਲਤ ਵਿੱਚ ਲੈ ਆਉਂਦਾ ਹੈ, ਜਿੱਥੇ ਕਿ ਉਹ ਆਪਣੇ ਆਪ ਨੂੰ ਉਸ ਵਿੱਚ ਪ੍ਰਗਟ ਕਰ ਸਕੇ, ਉਸ ਨਾਲ ਪਿਆਰ ਕਰ ਸਕੇ ਉਨ੍ਹਾਂ ਨੂੰ ਸਮਝਾ ਸਕੇ ਅਤੇ ਉਨ੍ਹਾਂ ਨਾਲ ਸੰਗਤ ਕਰ ਸਕੇ ਤਾਂ ਫਿਰ ਅਦਨ ਆ ਜਾਵੇਗਾ। ਉਹ ਆਪਣੀ ਕਲੀਸੀਆ ਦੁਬਾਰਾ ਉੱਥੇ ਹੀ ਲੈ ਕੇ ਆਵੇਗਾ, ਜਿੱਥੇ ਉਸਨੇ ਉਸਨੂੰ ਛੱਡਿਆ ਸੀ। ਉਹ ਉਸਨੂੰ ਫਿਰ ਅਦਨ ਦੇ ਬਾਗ ਵਿਚ ਲੈ ਕੇ ਆਵੇਗਾ ਜਿੱਥੇ ਇਹ ਡਿੱਗ ਪਈ ਸੀ। ਇਹ, ਹੁਣ...ਇਹੋ ਉਹ ਜਗ੍ਹਾ ਹੈ ਜਿੱਥੇ ਇਸਨੇ ਆਪਣੀ ਪਹਿਲੀ ਸ਼ੁਰੂਆਤ ਕੀਤੀ ਜਾਂ ਡਿੱਗੀ। ਇਸੇ ਹੀ ਜਗ੍ਹਾ ਤੇ ਉਸਨੂੰ ਫਿਰ ਦੁਬਾਰਾ ਲਿਆਂਦਾ ਜਾਵੇਗਾ। ਉਸਨੂੰ ਛੁਟਕਾਰੇ ਦੀ ਸਾਫ ਪੱਟੀ ਨਾਲ ਫਿਰ ਦੁਬਾਰਾ ਉਸੇ ਜਗ੍ਹਾ ਤੇ ਲਿਆਂਦਾ ਜਾਵੇਗਾ।

33 ਕਲੀਸੀਆ ਕੁਝ ਸਮੇਂ ਤਕ ਜਗਤ ਵਿੱਚ ਰਹਿ ਚੁੱਕੀ ਹੈ। ਅਤੇ ਕਲੀਸੀਆ, ਹਨੇਰੇ ਯੁੱਗ ਦੇ, ਪੰਦਰਾਂ ਸੌ ਸਾਲ ਤੋਂ ਬਾਅਦ, ਸੁਧਾਰ ਯੁੱਗ ਤੋਂ ਬਾਅਦ... ਚੇਲਿਆਂ ਤੋਂ ਬਾਅਦ ਸਭ ਤੋਂ ਪਹਿਲਾਂ ਸੁਧਾਰਕ ਲੂਥਰ ਸੀ। ਅਤੇ ਫਿਰ ਜਦ ਲੂਥਰ ਆਇਆ ਤਾਂ ਖੁਦਾ ਨੇ ਆਪਣੇ ਆਤਮਾ ਵਿੱਚੋਂ ਥੋੜ੍ਹਾ ਜਿਹਾ ਭਾਗ ਉਂਦੇਲਿਆ ਉਸਨੇ ਧਰਮੀ ਠਹਿਰਾਏ ਜਾਣ ਦੇ ਰੂਪ ਵਿੱਚ ਆਪਣੇ ਆਤਮਾ ਦਾ ਥੋੜ੍ਹਾ ਜਿਹਾ ਭਾਗ ਦਿੱਤਾ। ਫਿਰ ਵੈਸਲੀ ਦੇ ਦਿਨਾਂ ਵਿੱਚ ਉਸਨੇ ਪਵਿੱਤਰ ਠਹਿਰਾਏ ਜਾਣ ਦੇ ਦੁਆਰਾ ਥੋੜ੍ਹਾ ਵੱਧ ਭਾਗ ਕਲੀਸੀਆ ਨੂੰ ਦਿੱਤਾ। ਜਿਉਂ

ਜਿਉਂ ਯੁੱਗ ਅਗਾਂਹ ਵੱਧਦੇ ਗਏ, ਅੰਤ ਸਮੇਂ ਵਿੱਚ, ਪਰਮੇਸ਼ਵਰ ਆਪਣੀ ਕਲੀਸੀਆ ਨੂੰ ਆਪਣੇ ਆਤਮਾ ਨਾਲ ਭਰਦਾ ਗਿਆ। ਤੁਸੀਂ ਜਰਾ ਆਲੇ ਦੁਆਲੇ ਝਾਤੀ ਮਾਰੋ ਅਤੇ ਵੇਖੋ ਕਿ ਇਹ ਸੱਚ ਹੈ, ਜਾਂ ਨਹੀਂ।

34 ਜਿਹੜੇ ਇਤਿਹਾਸ ਪੜ੍ਹਦੇ ਹਨ ਤੁਸੀਂ ਜਰਾ ਲੂਥਰ ਦੇ ਯੁੱਗ ਤੇ ਨਜਰ ਮਾਰੋ। ਅਤੇ ਉਨ੍ਹਾਂ ਦੀ ਬੇਦਾਰੀ ਵੱਲ ਵੇਖੋ ਕਿ ਉਨ੍ਹਾਂ ਨੇ ਕੀ ਕੀਤਾ ਸੀ। ਅਤੇ ਵੈਸਲੀ ਦੀ ਬੇਦਾਰੀ ਕਿਵੇਂ ਉਸ ਤੋਂ ਵੱਧ ਸੀ। ਉਨ੍ਹਾਂ ਕੋਲ ਕਿਵੇਂ ਵੱਧ ਸਮਰੱਥਾ ਸੀ। ਪਰੰਤੂ ਇਹ ਬਹੁਤ ਹੀ ਥੋੜ੍ਹੇ ਲੋਕਾਂ ਵਿੱਚ ਸੀ। ਪੈਂਤੀਕਾਸਤਲ ਦੇ ਦਿਨਾਂ ਤੇ ਧਿਆਨ ਦਿਓ ਕਿ ਉਹਨਾਂ ਕੋਲ ਕਿਹੋ ਜਿਹੀ ਬੇਦਾਰੀ ਸੀ। ਉਹ ਕਿੰਨਾ ਮਹਾਨ ਅਤੇ ਵੱਡਾ ਬਹਾਅ ਸੀ।

35 ਇੱਥੋਂ ਤਕ, ਕਿ ਕੈਥੋਲਿਕ ਦੇ ਅਖਬਾਰ, *ਅਵਰ ਸੰਡੇ ਵਿਸਟਰ* ਵਿੱਚ ਇਹ ਇਕਰਾਰ ਕੀਤਾ ਗਿਆ ਹੈ ਕਿ ਪੈਂਤੀਕਾਸਤਲਾ ਨੇ ਇੱਕ ਸਾਲ ਵਿੱਚ ਪੰਦਰਾਂ ਲੱਖ ਲੋਕਾਂ ਨੂੰ ਤਬਦੀਲ ਕੀਤਾ। ਅਤੇ ਜਿੰਨਿਆਂ ਲੋਕਾਂ ਨੂੰ ਉਹਨਾਂ ਨੇ ਤਬਦੀਲ ਕੀਤਾ ਉਹ ਉਹਨਾਂ ਸਾਰਿਆਂ ਨਾਲੋਂ ਵੱਧ ਹਨ ਜਿਨ੍ਹਾਂ ਕਿ ਬਾਕੀ ਸਾਰੀ ਕਲਿਸਿਆਵਾਂ ਨੇ ਰਲ ਕੇ ਕੀਤਾ। ਕੈਥੋਲਿਕ ਨੇ ਦੱਸ ਲੱਖ ਲੋਕਾਂ ਨੂੰ ਤਬਦੀਲ ਕੀਤਾ, ਦਾਵਾ ਕੀਤਾ। ਉਹਨਾਂ ਨੇ ਆਪਣੇ ਨਿੱਜੀ ਅਖਬਾਰ *ਸੰਡੇ ਵਿਜਟਰ* ਵਿੱਚ ਇਹ ਪ੍ਰਕਾਸ਼ਿਤ ਕੀਤਾ ਹੈ ਕਿ ਪੈਂਤੀਕਾਸਤਲਾਂ ਨੇ ਉਹਨਾਂ ਨੂੰ ਪਿਛਾੜ ਦਿੱਤਾ ਹੈ।

ਅਤੇ, ਯਾਦ ਰੱਖੋ, ਪੈਂਤੀਕਾਸਤਲਾਂ ਦੀ ਤਬਦੀਲੀ ਪਵਿੱਤਰ ਆਤਮਾ ਰਾਹੀਂ ਤਬਦੀਲੀ ਹੈ। ਇਹ ਉੱਥੇ ਬਾਹਰ ਭੀੜੀ ਗਲੀ ਵਿੱਚ ਬਹੁਤ ਹੀ ਥੋੜ੍ਹੇ ਜਿਹੇ ਲੋਕਾਂ ਨਾਲ ਪੁਰਾਣੀ ਗਿਤਾਰ ਨਾਲ ਸ਼ੁਰੂ ਹੋਇਆ ਸੀ। ਅਤੇ ਉਸ ਵੇਲੇ ਔਰਤਾਂ ਆਪਣੇ ਲਈ ਇੱਕ ਜੋੜਾ ਜੁੱਤੀਆਂ ਦਾ ਲੈਣ ਲਈ ਖਰਚਾ ਨਹੀਂ ਕਰ ਸਕਦੀਆਂ ਸਨ। ਉਹ ਰੇਲ ਗੱਡੀਆਂ ਦੀਆਂ ਲਾਈਨਾਂ ਦੇ ਲਾਗੇ ਬੈਠੀਆਂ ਰਹਿੰਦੀਆਂ ਅਤੇ ਮੱਕੀ ਦੇ ਦਾਣਿਆਂ ਨੂੰ ਇਕੱਠਾ ਕਰਕੇ ਉਹਨਾਂ ਨੂੰ ਪੀਹ ਕੇ ਆਪਣੇ ਬੱਚਿਆਂ ਲਈ ਰੋਟੀਆਂ ਬਣਾਉਂਦੀਆਂ। ਪਰ ਇਸ ਸਭ ਨਾਲ ਕੀ ਹੋਇਆ? ਉਹ ਅੱਜ ਸੰਸਾਰ ਵਿੱਚ ਬਹੁਤ ਹੀ ਸ਼ਕਤੀਸ਼ਾਲੀ ਕਲੀਸੀਆ ਹੈ, ਸੰਸਾਰ ਦੀ ਨਿਗਾਹ ਵਿੱਚ ਨਹੀਂ ਬਲਕਿ ਖੁਦਾ ਦੀ ਨਿਗਾਹ ਵਿੱਚ, ਕਿਉਂਕਿ ਖੁਦਾ ਉਸ ਵਿੱਚ ਜੋ ਕਰ ਰਿਹਾ ਹੈ ਉਸਦੇ ਰਾਹੀਂ ਉਹ ਸਿੱਧ ਕਰ ਰਿਹਾ ਹੈ। ਉਹ ਆਪਣੇ ਆਪ ਨੂੰ ਪਵਿੱਤਰ ਆਤਮਾ ਨੂੰ ਉਹਨਾਂ ਵਿੱਚ ਉਂਡੇਲ ਰਿਹਾ ਹੈ।

36 ਹੁਣ ਧਿਆਨ ਦਿਓ ਕੀ ਹੋਇਆ, ਖੁਦਾ ਆਪਣੇ ਆਪ ਨੂੰ ਉਹਨਾਂ ਉੱਤੇ ਉਂਡੇਲ ਰਿਹਾ ਹੈ। ਹੁਣ ਕਲੀਸੀਆ ਉਸੇ ਪਵਿੱਤਰ ਆਤਮਾ ਨਾਲ ਲੂਥਰ, ਵੈਸਲੀ, ਅਤੇ ਪੈਂਤੀਕਾਸਤਲਾਂ ਦੀ ਬੇਦਾਰੀ ਵਿੱਚੋਂ ਦੀ ਲੰਘਦੀ ਹੋਈ; ਅਤੇ ਹੁਣ

ਇਸ ਯੁੱਗ ਵਿੱਚ ਆ ਗਈ ਹੈ ਜਿਸ ਵਿੱਚ ਅਸੀਂ ਹੁਣ ਰਹਿ ਰਹੇ ਹਾਂ। ਇਸ ਵਿੱਚ ਉਸੇ ਆਤਮਾ ਦਾ ਹੋਰ ਵੱਧ ਭਾਗ ਹੈ। ਹੁਣ, ਜਦ ਪਿਛਲੇ ਸਮੇਂ ਵਿੱਚ ਲੂਥਰਨ ਬਚੇ ਤਾਂ ਉਹਨਾਂ ਨੂੰ ਪਵਿੱਤਰ ਆਤਮਾ ਦਾ ਇੱਕ ਭਾਗ ਹੀ ਮਿਲਿਆ ਸੀ। ਜਦ ਮੇਥੋਡਿਸਟਾਂ ਦੀ ਪਵਿੱਤਰਤਾਈ ਹੋਈ ਤਾਂ ਇਹ ਪਵਿੱਤਰ ਆਤਮਾ ਦਾ ਹੀ ਕੰਮ ਸੀ। ਵੇਖੋ, ਇਹ ਪਵਿੱਤਰ ਆਤਮਾ ਦਾ ਹੀ ਭਾਗ ਸੀ। "ਵਚਨ ਦੱਸਦਾ ਹੈ ਕਿ ਉਹ ਸਾਡੇ ਤੋਂ ਬਿਨਾਂ ਸਿੱਧਤਾ ਨੂੰ ਨਹੀਂ ਪਹੁੰਚੇ"। ਸਮਝੇ?

37 ਹੁਣ, ਜਦੋਂ ਉਜਾਲਾ ਚਮਕਣਾ ਸ਼ੁਰੂ ਹੋ ਗਿਆ ਹੈ ਖੁਦਾ ਸਾਡੇ ਕੋਲੋਂ ਕਿਸੇ ਮਹਾਨ ਚੀਜ ਦੀ ਆਸ ਕਰਦਾ ਹੈ। ਕਿਉਂਕਿ, "ਜਿਹਨੂੰ ਜਿਆਦਾ ਦਿੱਤਾ ਗਿਆ ਹੈ ਉਸ ਕੋਲੋਂ ਜਿਆਦਾ ਮੰਗਿਆ ਜਾਵੇਗਾ"। ਇਸ ਲਈ ਉਹ ਸਾਡੇ ਕੋਲੋ ਉਸ ਤੋਂ ਵੱਧ ਮੰਗੇਗਾ ਜੋ ਉਸਨੇ ਲੂਥਰਨਾ ਜਾਣ ਬੇਪਟਿਸਟਾਂ ਤੋਂ ਮੰਗਿਆ ਕਿਉਂਕਿ ਅਸੀਂ ਉਹਨਾਂ ਤੋਂ ਵੱਧ ਸਮਰੱਥਾ ਨਾਲ ਉਹਨਾਂ ਤੋਂ ਵੱਧ ਉਜਾਲੇ ਵਿੱਚ ਚੱਲ ਰਹੇ ਹਾਂ, ਸਾਡੀ ਗਵਾਹੀ ਉਹਨਾਂ ਤੋਂ ਵੱਧ ਕੇ ਹੈ…ਜਿਹੜੀ ਕਿ ਉਹਨਾਂ ਦੇ ਕੋਲ ਸੀ। ਹੁਣ, ਸਾਡੇ ਕੋਲ ਜੀ ਉੱਠਣ ਦੀ ਸ਼ਕਤੀ ਦੀ ਉਹਨਾਂ ਤੋਂ ਵੱਧ ਕੇ ਗਵਾਹੀ ਹੈ। ਸਾਡੇ ਕੋਲ ਉਹਨਾਂ ਨਾਲੋਂ ਵੱਧ ਕੇ ਦ੍ਰਿੜ ਅਤੇ ਯਕੀਨੀ ਗੱਲਾਂ ਹਨ।

38 ਪਰੰਤੂ ਇਹ ਇਸੇ ਤਰ੍ਹਾਂ ਹੀ ਹੈ, ਜਿਵੇਂ ਕਿ ਮੈਂ ਬਹੁਤ ਦੇਰ ਨਹੀਂ ਹੋਈ ਲੂਥਰਨ ਕਾਲਜ ਨੂੰ ਕਿਹਾ ਸੀ।

ਉਹਨਾਂ ਨੇ ਕਿਹਾ, "ਸਾਡੇ ਕੋਲ ਕੀ ਹੈ?"

ਮੈਂ ਆਖਿਆ, "ਕੋਈ ਆਦਮੀ ਅਨਾਜ, ਕੋਈ ਆਦਮੀ ਅਨਾਜ ਦੇ ਖੇਤ ਨੂੰ ਬੀਜਦਾ ਹੈ। ਉਸ ਵਿੱਚੋਂ ਪਹਿਲਾਂ ਕੂੰਬਲੀਆਂ ਬਾਹਰ ਆਉਂਦੀਆਂ ਹਨ ਅਤੇ ਉਹਨੇ ਕਿਹਾ, 'ਪ੍ਰਭੂ, ਇਸ ਅਨਾਜ ਦੇ ਲਈ ਤੇਰਾ ਧੰਨਵਾਦ!' ਸੁਭਾਵਿਕ ਤੌਰ ਤੇ, ਉਹਦੇ ਕੋਲ ਆਨਾਜ ਦੀ ਫਸਲ ਹੈ ਪਰੰਤੂ ਉਸਦੇ ਕੋਲ ਇਹ ਸ਼ੁਰੂ ਵਾਲੀ ਹਾਲਤ ਵਿੱਚ ਹੈ ਅਤੇ ਹੋਲੀ ਹੋਲੀ ਇਹ ਤਣਾ ਬਣ ਜਾਂਦਾ ਹੈ"।

ਅਤੇ ਉਸ ਵਿੱਚੋਂ ਇੱਕ ਕੂੰਬਲ ਬਾਹਰ ਨਿਕਲਦੀ ਹੈ ਜੋ ਕਿ ਮੇਥੋਡਿਸਟ ਹਨ।

39 ਜੇਕਰ ਤੁਸੀਂ ਕੁਦਰਤ ਨੂੰ ਵੇਖੋਂਗੇ ਤਾਂ ਤੁਸੀਂ ਵੇਖੋਂਗੇ ਕਿ ਖੁਦਾ ਇਸ ਵਿੱਚ ਕੰਮ ਕਰ ਰਿਹਾ ਹੈ। ਕੁਦਰਤ ਵਿੱਚ ਇੱਕ ਭੇਡ ਛੁਪਿਆ ਹੋਇਆ ਹੈ ਅਤੇ ਇਥੋਂਕ ਤਕ ਕਿ ਉਹ ਮੇਰੀ ਸੇਵਕਾਈ ਦੇ ਨਾਲ ਨਾਲ ਚੱਲਦਾ ਹੈ। ਸਮਝੇ? ਤੁਸੀਂ, ਕੁਦਰਤ ਨੂੰ ਵੇਖੋ, ਅਤੇ ਵੇਖੋ ਕਿ ਇਹ ਕਿਵੇਂ ਕਰਦੀ ਹੈ, ਕਿਹੜਾ ਯੁੱਗ ਅਤੇ ਸਮਾਂ ਹੈ ਤਾਂ ਫਿਰ ਤੁਸੀਂ ਵੇਖ ਸਕਦੇ ਹੋ, ਕਿ ਤੁਸੀਂ ਕਿੱਥੇ ਰਹਿ ਰਹੇ ਹੋ। ਯੁੱਗ ਤੇ ਧਿਆਨ ਦਿਓ।

40 ਹੁਣ, ਜਦ ਮੇਥੋਡਿਸਟ ਕੂੰਬਲ ਸੀ ਉਹਨਾਂ ਨੇ ਲੂਥਰਾਂ ਉਤੇ ਝਾਤੀ ਮਾਰੀ ਅਤੇ ਆਖਿਆ, “ਸਾਡੇ ਕੋਲ ਤਾਂ ਪਵਿਤ੍ਰੀਕਰਣ ਹੈ; ਤੁਹਾਡੇ ਕੋਲ ਤਾਂ ਇਸ ਵਿੱਚ ਕੁਝ ਵੀ ਨਹੀਂ ਹੈ”।

ਹੋਲੀ ਹੋਲੀ, ਇਸ ਵਿੱਚੋਂ ਫੁੱਲ ਦਾ ਬੂਰ ਆਇਆ, ਮੇਥੋਡਿਸਟਾਂ ਤੋਂ, ਕਣਕ ਦੇ...ਸਿੱਟੇ ਆਏ। ਇਹ ਪੈਂਤੀਕਾਸਤਲ ਸਨ।

ਹੁਣ ਇਹ ਗਲ਼ ਹੈ। ਧਰਮੀ ਠਹਿਰਾਏ ਜਾਣਾ। ਪਹਿਲੀ ਅਵਸਥਾ ਸੀ ਪਵਿਤ੍ਰੀਕਰਨ ਇਸ ਦੀ ਦੂਸਰੀ ਅਵਸਥਾ ਸੀ। ਪਵਿੱਤਰ ਆਤਮਾ ਇਸਦੀ ਹੋਰ ਅਵਸਥਾ ਹੈ, ਇਹ ਪੈਂਤੀਕਾਸਤਲ ਹਨ।

41 ਹੁਣ ਪੈਂਤੀਕਾਸਤਲਾਂ ਨੇ ਕੀ ਕੀਤਾ? ਮੈਂ ਇਹਨੂੰ ਪਸੰਦ ਕਰਦਾ ਹਾਂ ਕਿਉਂਕਿ ਪੈਂਤੀਕਾਸਤਲ ਇਸਨੂੰ ਵਾਪਸ ਲੈ ਕੇ ਆਏ। ਹਰੇ ਪੱਤੇ ਨਹੀਂ, ਕੂੰਬਲਾਂ ਨਹੀ ਬਲਕਿ...

ਕਣਕ ਕੂੰਬਲਾਂ ਨੂੰ ਇਹ ਨਹੀਂ ਕਹਿ ਸਕਦੀ, “ਮੈਨੂੰ ਤੇਰੇ ਨਾਲ ਕੋਈ ਮਤਲਬ ਨਹੀਂ”। ਜਾਂ, ਕੂੰਬਲਾਂ ਪੱਤਿਆਂ ਨੂੰ ਇਹ ਨਹੀਂ ਕਹਿ ਸਕਦੀਆਂ, “ਤੁਸੀਂ ਮੇਰੇ ਕਿਸੇ ਕੰਮ ਦੇ ਨਹੀਂ ਹੋ,” ਕਿਉਂਕਿ ਜਿਹੜਾ ਕੁਬਲਾਂ ਵਿੱਚ ਸੀ ਉਸਨੇ ਸਿੱਟੇ ਬਣਾਏ।

ਅਤੇ ਇਹ ਲੂਥਰਨ ਕਲੀਸੀਆ ਸੀ ਜਿਸਨੇ ਵੈਸਲੀ ਕਲੀਸੀਆ ਬਣਾਈ। ਅਤੇ ਇਹ ਵੈਸਲੀ ਕਲੀਸੀਆ ਸੀ ਜਿਸਨੇ ਪੈਂਤੀਕਾਸਤਲ ਬਣਾਈ।

ਪਰ, ਪੈਂਤੀਕਾਸਤਲ ਇਹ ਕੀ ਹੈ? ਇਹ ਉਸੇ ਦਾਣੇ ਦਾ ਜੋ ਸ਼ੁਰੂ ਵਿੱਚ ਧਰਤੀ ਤੇ ਡਿੱਗਿਆ ਸੀ, ਆਪਣੀ ਮੂਲ ਅਵਸਥਾ ਵਿੱਚ ਫਿਰ ਵਾਪਿਸ ਆਉਣਾ ਹੈ, ਇਹਨਾਂ ਅੰਤ ਦੇ ਦਿਨਾਂ ਵਿੱਚ ਇਹ ਪਵਿੱਤਰ ਆਤਮਾ ਦੇ ਬਪਤੀਸਮੇ ਦੇ ਰਾਹੀਂ ਫਿਰ ਦੁਬਾਰਾ ਪੈਂਤੀਕਾਸਤਲ ਵਾਲੀ ਸਮਰੱਥਾ ਦੀ ਭਰਪੂਰੀ ਲੈ ਕੇ ਆਇਆ ਹੈ। ਓਹ, ਇਹ ਵੇਖਣ, ਵਿਸ਼ਵਾਸ ਕਰਨ ਅਤੇ ਧਿਆਨ ਕਰਨ ਲਈ ਬਹੁਤ ਹੀ ਮਹਾਨ ਗੱਲ ਹੈ।

42 ਹੁਣ ਇਹ ਯੁੱਗ, ਜਿਸ ਵਿੱਚ ਅਸੀਂ ਰਹਿ ਰਹੇ ਹਾਂ ਪੈਂਤੀਕਾਸਤਲ ਤੋਂ ਵੀ ਕਿਤੇ ਵੱਧ ਹੈ।

ਪੈਂਤੀਕਾਸਤਲ ਨੇ ਤਾਂ ਆਪਣੇ ਆਪ ਨੂੰ ਜਥੇਬੰਦੀਆਂ ਵਿੱਚ ਸਥਾਪਿਤ ਕਰ ਲਿਆ ਹੈ। ਅਤੇ ਆਪਣੇ ਆਪ ਨੂੰ ਮਿਸ਼ਨ ਦੇ ਰੂਪ ਵਿੱਚ ਢਾਲਣਾ ਸ਼ੁਰੂ ਕਰ ਦਿੱਤਾ, “ਅਸੀਂ *ਇਹ* ਹਾਂ ਜਾਂ ਅਸੀਂ *ਉਹ* ਹਾਂ”। ਇਹ ਤਾਂ ਕੁਦਰਤ ਹੈ। ਉਹ ਤਾਂ ਇਸੇ ਤਰ੍ਹਾਂ ਹੀ ਕਰਨਗੇ। ਤੁਸੀਂ ਇਸ ਵਿੱਚ ਕੋਈ ਵੀ ਮੱਦਦ ਨਹੀਂ ਕਰ ਸਕਦੇ।

ਇਹ ਤਾਂ ਸੁਭਾਵਿਕ ਹੈ। ਇਹ ਤਾਂ ਪਰਮੇਸ਼ਵਰ ਦੀ ਉਹਨਾਂ ਲਈ ਯੋਜਨਾ ਹੈ। ਕਿ ਉਹ ਅਜਿਹਾ ਹੀ ਕਰਨਗੇ।

ਪਰੰਤੂ ਸੱਚੀ ਕਲੀਸੀਆ ਤਾਂ ਅੱਗੇ ਵੱਧ ਚੁੱਕੀ ਹੈ। ਇਹ ਤਾਂ ਹੋਰ ਵੀ ਵੱਧ ਉੱਚੀ ਅਵਸਥਾ ਵਿੱਚ ਇਹ ਤਾਂ ਉਸ ਤੋਂ ਵੀ ਵੱਧ ਸਮਰੱਥਾ ਵਿੱਚ ਹੈ। ਇਹ ਵਰਦਾਨਾਂ ਦੀ ਬਹਾਲੀ ਸੀ।

ਅਤੇ ਬਹੁਤ ਸਾਰੇ ਪੈਂਤੀਕਾਸਤਲ ਲੋਕ ਰੱਬੀ ਸ਼ਿਫ਼ਾ ਸਵਰਗ ਦੂਤ ਦੀ ਸੇਵਕਾਈ ਅਤੇ ਖੁਦਾ ਦੀ ਸ਼ਕਤੀ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ। ਬਹੁਤ ਸਾਰੇ ਪੈਂਤੀਕਾਸਤ਼ਲ ਇਹਨਾਂ ਦਰਸ਼ਨਾਂ ਨੂੰ ਜਿਹਦੇ ਮੈਂ ਵੇਖਦਾ ਹਾਂ "ਸ਼ੈਤਾਨ" ਕਹਿੰਦੇ ਹਨ। ਪੈਂਤੀਕਾਸਤਲਾਂ ਵਿੱਚ ਬਥੇਰੀਆਂ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ। ਵੇਖੋ, ਅਸੀਂ ਇਸ ਤੋਂ ਵੱਧ ਅੱਗੇ ਨਿਕਲ ਚੁੱਕੇ ਹਾਂ। ਜਿਵੇਂ ਮੇਥੋਡਿਸਟਾਂ ਨੇ ਪੈਂਤੀਕਾਸਤਲਾਂ ਨੂੰ ਪਰਾਈ ਭਾਖਿਆ "ਮੂਰਖ," ਬੋਲਣ ਤੇ ਕਿਹਾ ਸੀ। ਬਿਲਕੁਲ ਉਸੇ ਤਰ੍ਹਾਂ ਹੀ ਲੂਥਰਨਾਂ ਨੇ ਮੇਥੋਡਿਸਟਾਂ ਨੂੰ ਚੀਕਣ ਤੇ ਰੌਲਾ ਪਾਉਣ ਤੇ "ਮੂਰਖ" ਆਖਿਆ ਸੀ। ਵੇਖਿਆ?

ਪਰੰਤੂ ਇਹ ਸਭ ਪਵਿੱਤਰ ਆਤਮਾ ਵਿੱਚੋਂ ਨਿਕਲ ਕੇ ਹੀ ਬਾਹਰ ਆ ਰਹੇ ਹਨ, ਜਦ ਤਕ ਕਿ ਇੱਕ ਮਹਾਨ ਸੱਚੀ ਕਲੀਸੀਆ ਨਹੀਂ ਬਣ ਜਾਂਦੀ ਹੈ। ਅਤੇ ਪੂਰੇ ਜੋਸ਼ ਨਾਲ ਨਹੀਂ ਭਰ ਜਾਂਦੀ, ਹਾਲੇਲੂਯਾਹ [ਭਾਈ ਬਰਨਹਮ ਦੋ ਵਾਰ ਪੁਲਪਿਤ ਖੜਕਾਉਂਦੇ ਹਨ] ਅਤੇ ਸਰਵ ਸ਼ਕਤੀਮਾਨ ਪਰਮੇਸ਼ਵਰ ਦੀ ਮਹਾਨ ਸਮਰੱਥਾ ਨਾਲ ਨਹੀਂ ਭਰ ਜਾਂਦੀ ਹੈ। ਜਦ ਤਕ, ਕਿ ਇਹ ਉਸ ਸਥਾਨ ਤੇ ਨਹੀਂ ਆ ਜਾਂਦੀ। ਜਿੱਥੇ ਇਹ ਉਹਨਾਂ ਹੀ ਕੰਮਾਂ ਦਾ ਪ੍ਰਗਟਾਵਾ ਕਰੇ ਜਿਹਦੇ ਪ੍ਰਭੂ ਯਿਸੂ ਨੇ ਕੀਤੇ ਸਨ। ਅਤੇ ਇਹ ਕੰਮ ਇਸ ਵੇਲੇ ਸਚਿ ਕਲੀਸੀਆ ਵਿੱਚ ਪ੍ਰਗਟ ਹੋ ਰਹੇ ਹਨ। ਅਸੀਂ ਅੰਤ ਤੇ ਪਹੁੰਚ ਗਏ ਹਾਂ, ਮਿੱਤਰੋ।

43 ਮੈਂ ਇੱਕ ਪਲ ਵਾਸਤੇ ਇੱਥੇ ਰੁਕਦਾ ਹਾਂ ਤਾਂ ਕਿ ਤੁਹਾਨੂੰ ਹੋਰ ਉਦਾਹਰਨ ਦੇ ਕੇ ਇਹ ਸਮਝਾਵਾਂ ਕਿ ਪਰਮੇਸ਼ਵਰ ਨੇ ਆਪਣੀ ਕਲੀਸੀਆ ਨੂੰ ਪਵਿੱਤਰ ਆਤਮਾ ਕਿਉਂ ਦਿੱਤਾ? ਪਿੱਛੇ ਪੁਰਾਣੇ ਸਮੇਂ ਵਿੱਚ ਜਦੋਂ ਕੋਈ ਬੱਚਾ...

ਇੱਕ ਮਨੁੱਖ ਖੁਦ ਇੱਕ ਘਰ ਬਣਾਉਣਦਾ ਸੀ। ਉਹ ਦੁਲਹਨ ਪ੍ਰਾਪਤ ਕਰਦਾ ਹੈ। ਇਹ ਪਹਿਲੀ ਚੀਜ ਹੈ।

ਫਿਰ ਉਹ ਕਿਸੇ ਜਥੇਬੰਦੀ ਵਾਂਗ, ਇੱਕ ਮਹਾਨ ਜਾਂ ਵੱਡਾ ਆਦਮੀ ਬਣ ਜਾਂਦਾ ਹੈ। ਉਹ ਚੰਗਾ ਸੀ।

ਇਸ ਤੋਂ ਬਾਅਦ ਉਸ ਪਰਿਵਾਰ ਵਿੱਚ ਇੱਕ ਜਨਮ ਹੁੰਦਾ ਹੈ। ਇਸ ਤਰ੍ਹਾਂ ਉਸ ਵੇਲੇ ਹੁੰਦਾ ਹੈ ਜਦੋਂ ਪਵਿੱਤਰ ਆਤਮਾ ਵੇਖੋ ਇੱਕ ਹੋਰ ਆਤਮਾ ਉਸ ਪਰਿਵਾਰ ਵਿੱਚ ਆਉਂਦਾ ਹੈ ਜੋ ਕਿ ਪੁੱਤਰ ਹੈ। ਉਹ ਪੁੱਤਰ, ਤਦ ਤਕ

ਅਧਿਕਾਰ ਨਹੀਂ ਸੰਭਾਲਦਾ ਅਤੇ ਨਾ ਹੀ ਉਹ ਵਾਰਿਸ ਬਣਦਾ ਹੈ ਜਦ ਤਕ ਕਿ ਉਹ ਨਿਸ਼ਚਿਤ ਉਮਰ ਤਕ ਨਹੀਂ ਪਹੁੰਚ ਜਾਂਦਾ। ਅਤੇ ਪਹਿਲਾਂ ਉਸਨੂੰ ਸਾਬਤ ਕਰਨਾ ਪੈਂਦਾ ਹੈ ਜੀ ਹਾਂ।

ਅਤੇ ਫਿਰ ਉਹਨਾਂ ਦਾ ਲੇਪਾਲਕਪਨ ਦਾ ਨਿਯਮ ਹੁੰਦਾ ਸੀ। ਪੁੱਤਰ ਦਾ ਠਹਿਰਾਇਆ ਜਾਣਾ। ਤੁਸੀਂ ਸੇਵਕ ਹੁਣ ਜਾਣਦੇ ਹੋ ਕਿ ਮੈਂ ਕੀ ਕਹਿ ਰਿਹਾ ਹਾਂ। ਫਿਰ ਉਹ ਉਸ ਸਥਾਨ ਤੇ ਆਉਂਦਾ ਸੀ। ਜਿੱਥੇ ਕਿ ਉਹ ਲੇਪਾਲਕਪਨ ਦਾ ਅਧਿਕਾਰ ਪ੍ਰਾਪਤ ਕਰਦਾ ਸੀ। ਪ੍ਰਭੂ ਯਿਸੂ ਨੇ ਰੂਪ ਬਦਲਣ ਵਾਲੇ ਪਹਾੜ ਤੇ ਇਸਦੀ ਬਹੁਤ ਹੀ ਸੁੰਦਰ ਉਦਾਹਰਨ ਦਿੱਤੀ ਹੈ।

44 ਜਿਵੇਂ ਮੈਂ ਕਿਹਾ, ਪਰਮੇਸ਼ਵਰ ਕਿਸੇ ਵੀ ਕੰਮ ਨੂੰ ਕਰਨ ਲਈ ਆਪਣੇ ਨਿਯਮਾਂ ਤੋਂ ਕਦੇ ਵੀ ਬਾਹਰ ਨਹੀਂ ਜਾਂਦਾ ਹੈ।

ਜੇ ਤੁਹਾਡੇ ਕੋਲ ਆਰਟੀਸ਼ਿਅਨ ਖੂਹ ਹੈ *ਇਸ* ਪਹਾੜੀ ਦੇ ਉੱਤੇ, ਜੋ ਚਾਰੇ ਪਾਸੇ ਪਾਣੀ ਹਵਾਹ ਵਿੱਚ ਉਛਾਲ ਰਿਹਾ ਹੈ। ਅਤੇ *ਇੱਥੇ* ਦੂਸਰੇ ਪਹਾੜ ਤੇ ਤੁਹਾਡੀ ਫਸਲ ਸੜ ਰਹੀ ਹੈ। ਤੁਸੀਂ ਇਸ ਹੜ ਨੂੰ ਉੱਚੇ ਖੜ੍ਹੇ ਹੋ ਕੇ ਉੱਚੀ ਅਵਾਜ ਨਾਲ ਪੁਕਾਰ ਸਕਦੇ ਹੋ, "ਹੇ, ਪਾਣੀ, ਮੇਰੀ ਫਸਲ ਨੂੰ ਭਰ ਦੇ! ਹੇ, ਪਾਣੀ ਮੇਰੀ ਫਸਲ ਤਕ ਪਹੁੰਚ!" ਉਹ ਕਦੇ ਵੀ ਨਹੀਂ ਪਹੁੰਚੇਗਾ। ਪਰੰਤੂ ਜੇ ਤੁਸੀਂ ਗਰੂਤਾ ਆਕਰਸ਼ਣ ਦੇ ਨਿਯਮ ਅਨੁਸਾਰ ਕੰਮ ਕਰੋ, ਤੁਸੀਂ ਉਸ ਫਸਲ ਨੂੰ ਪਾਣੀ ਦੇ ਸਕਦੇ ਹੋ।

45 ਇੱਥੇ ਤੁਹਾਡੇ ਕੋਲ ਕੋਈ ਰੋਗੀ ਜਾਂ ਪਾਪੀ ਆਦਮੀ ਹੈ, ਜੋ ਚੰਗਾ ਹੋਣਾ ਚਾਹੁੰਦਾ ਹੈ, ਅਤੇ ਉੱਥੇ ਇੱਕ ਮਨੁੱਖ ਜੋ ਕਿ ਸਹੀ ਹੋਣਾ ਚਾਹੁੰਦਾ ਹੈ, ਉਹ ਸ਼ਰਾਬ ਨਹੀਂ ਛੱਡ ਸਕਦਾ, ਸਿਗਰੇਟ ਪੀਣਾ ਨਹੀਂ ਛੱਡ ਸਕਦਾ, ਅਤੇ ਲਾਲਸਾ ਅਤੇ ਹੋਰ ਚੀਜਾਂ ਨੂੰ ਨਹੀਂ ਛੱਡ ਸਕਦਾ। ਜੇ ਤੁਸੀਂ ਬਸ ਪਰਮੇਸ਼ਵਰ ਦੇ ਨਿਯਮਾਂ ਅਨੁਸਾਰ ਕੰਮ ਕਰੋ, ਪਵਿੱਤਰ ਆਤਮਾ ਅੰਦਰ ਆਵੇਗਾ ਤਾਂ ਫਿਰ ਉਹ ਆਦਮੀ ਉਸ ਤਰ੍ਹਾਂ ਦਾ ਨਹੀਂ ਰਹਿੰਦਾ ਹੈ। ਉਹ, ਉਹਨਾਂ ਕੰਮਾਂ ਨੂੰ ਕਰਨਾ ਬੰਦ ਕਰ ਦਿੰਦਾ ਹੈ। ਕਿਉਂਕਿ ਪਾਕ ਰੂਹ ਉਸਨੂੰ ਆਪਣੇ ਕਾਬੂ ਵਿੱਚ ਲੈ ਲੈਂਦਾ ਹੈ।ਪਰ ਤੁਸੀਂ ਪਰਮੇਸ਼ਵਰ ਦੇ ਨਿਯਮਾਂ ਦੇ ਅਨੁਸਾਰ ਪਰਮੇਸ਼ਵਰ ਦੇ ਕਾਨੂੰਨਾਂ ਅਨੁਸਾਰ ਕੰਮ ਕਰਨ ਹੁੰਦਾ ਹੈ।

46 ਹੁਣ ਪੁਰਾਣੇ ਨਿਯਮ ਵਿੱਚ ਜਦੋਂ ਬੱਚਾ ਪੈਦਾ ਹੁੰਦਾ ਸੀ, ਉਹ ਉਸ ਤੇ ਧਿਆਨ ਰੱਖਦੇ ਹਨ, ਵੇਖਣ ਲਈ ਕਿ ਉਹ ਕਿਵੇਂ ਵਿਵਹਾਰ ਜਾਂ ਆਚਰਣ ਕਰਦਾ ਹੈ।

ਤਦ ਪਿਤਾ, ਜੋ ਇਸ ਸਮੇਂ ਤਕ ਵੱਡਾ ਵਪਾਰੀ ਹੁੰਦਾ ਸੀ ਹੋ ਸਕਦਾ ਹੈ ਕਿ ਚਾਲੀ ਜਾਣ ਪੰਜਾਹ ਸਾਲ ਦਾ ਹੋਵੇ। ਅਤੇ ਉਸ ਕੋਲ ਸਮਾਂ ਨਹੀਂ ਸੀ

ਹੁੰਦਾ ਕਿ ਇਸ ਬਚੇ ਨੂੰ ਸਿਖਾ ਸਕੇ। ਇਸ ਲਈ ਉਹ...ਉਸ ਵੇਲੇ ਇਸ ਤਰ੍ਹਾਂ ਦੇ ਪਬਲਿਕ ਸਕੂਲ ਨਹੀਂ ਸੀ ਹੁੰਦੇ। ਇਸ ਲਈ ਉਹ ਉਹਦੇ ਲਈ ਇੱਕ “ਟਿਊਟਰ” ਅਰਥਾਤ “ਸਿਖਾਉਣ ਵਾਲਾ” ਸਕੂਲ ਅਧਿਆਪਕ ਰੱਖਦੇ ਸਨ। ਅਤੇ ਇਹ ਸਕੂਲ ਅਧਿਆਪਕ ਇੱਕ ਉੱਚ ਸਿਖਿਅਕ ਹੁੰਦਾ ਸੀ ਜੋ ਉਹ ਲੱਭ ਸਕਦੇ ਸਨ। ਇਸ ਲਈ ਉਸਨੂੰ ਸੱਚਾ ਹੋਣਾ ਜਰੂਰੀ ਸੀ ਅਤੇ ਉਸਨੇ ਉਸ ਦੇ ਪਿਤਾ ਨੂੰ ਇਸ ਬਾਰੇ ਸੱਚ ਹੀ ਦੱਸਣਾ ਹੁੰਦਾ ਸੀ।

47 ਅਤੇ ਜਦ ਇਹ ਲੜਕਾ ਇੱਕ ਖਾਸ ਉਮਰ ਵਿੱਚ ਪਹੁੰਚ ਜਾਂਦਾ ਸੀ, ਜਾਂ ਇੰਝ ਕਹੋ ਕਿ ਉਹ ਨਿਆਣਾ ਨਹੀਂ ਹੁੰਦਾ ਸੀ। ਜੇ ਉਹ ਮੁੰਡਾ ਅਵਾਰਾ ਹੁੰਦਾ ਸੀ ਉਹ ਚੰਗਾ ਨਹੀਂ ਸੀ ਅਤੇ ਆਪਣੇ ਪਿਤਾ ਦੇ ਕੰਮ ਕਾਰ ਦੀ ਪਰਵਾਹ ਨਹੀਂ ਕਰਦਾ ਸੀ। ਅਤੇ ਉਹ ਔਰਤਾਂ ਨਾਲ ਛੇੜਖਾਨੀ ਕਰਨ ਦਾ ਹੀ ਸੋਚਦਾ ਰਹਿੰਦਾ ਸੀ। ਜਾਂ ਸ਼ਰਾਬ ਪੀਂਦਾ ਜੂਆ ਖੇਡਦਾ ਜਾਂ ਘੋੜਿਆਂ ਦੀਆਂ ਦੌੜਾਂ ਤੇ ਪੈਸੇ ਲਾਉਂਦਾ ਸੀ; ਉਹ ਮੁੰਡਾ ਆਪਣੇ ਪਿਉ ਦਾ ਪੁੱਤਰ ਹਮੇਸ਼ਾ ਹੀ ਰਹਿੰਦਾ ਸੀ। ਪਰ ਉਸਨੂੰ ਕਦੇ ਵੀ ਉਸ ਥਾਂ ਤੇ ਨਹੀਂ ਰੱਖਿਆ ਜਾਂਦਾ ਸੀ ਜਿੱਥੇ ਉਹ ਆਪਣੇ ਪਿਤਾ ਦੀਆਂ ਸਭਨਾਂ ਵਸਤਾਂ ਦਾ ਅਧਿਕਾਰੀ ਹੋ ਸਕਦਾ ਹੈ।

ਪਰ ਜੇ ਉਹ ਚੰਗਾ ਮੁੰਡਾ ਹੈ। ਅਤੇ ਆਪਣੇ ਪਿਤਾ ਦੇ ਕੰਮ ਕਾਰ ਵਿੱਚ ਲ਼ਗਿਆ ਰਹਿੰਦਾ ਹੈ ਅਤੇ ਉਹ ਇਹ ਸਿੱਧ ਕਰਦਾ ਹੈ ਕਿ ਉਹ ਠੀਕ ਲੜਕਾ ਹੈ ਤਾਂ ਉਹ ਰਸਮ ਕਰਦੇ ਹਨ। ਉਹ ਉਸਨੂੰ ਬਾਹਰ ਗਲੀ ਵਿੱਚ ਲੈ ਜਾਂਦੇ ਅਤੇ ਉਸਦੇ ਚਿੱਟੇ ਬਸਤ੍ਰ ਜਾਂ ਚੋਗਾ ਪਾਉਂਦੇ ਅਤੇ ਉਸਨੂੰ ਇੱਕ ਉੱਚੇ ਤੱਖਤੇ ਤੇ ਬਿਠਾਉਂਦੇ ਤਾਂ ਕਿ ਸਾਰਾ ਸ਼ਹਿਰ ਉਸਨੂੰ ਵੇਖ ਸਕੇ। ਉਹ ਇੱਕ ਜਯੰਤੀ ਜਾਂ ਜੁਬਲੀ ਮਨਾਉਂਦੇ ਅਤੇ ਭੋਜ ਕਰਦੇ ਤਾਂ ਫਿਰ ਪਿਤਾ ਲੇਪਾਲਕਪਣ ਦੀ ਰਸਮ ਅਦਾ ਕਰਦਾ। ਉਹ ਆਪਣੇ ਹੀ ਪੁੱਤਰ ਨੂੰ ਆਪਣੇ ਕੰਮ ਕਾਰ ਵਿੱਚ ਲਗਾਉਂਦਾ, ਤਾਂ ਫਿਰ ਪੁੱਤਰ ਆਪਣੇ ਪਿਤਾ ਦੇ ਸਾਰੇ ਕੰਮ ਵਿੱਚ ਬਰਾਬਰ ਅਧਿਕਾਰੀ ਜਾਂ ਸਹਿਯੋਗੀ ਹੁੰਦਾ। ਦੂਸਰੇ ਸ਼ਬਦਾਂ ਵਿੱਚ, ਜੇ ਇਹ ਅੱਜ ਹੋਵੇ ਤਾਂ ਚੈੱਕ ਤੇ ਪੁੱਤਰ ਦੇ ਦਸਤਕ ਉਸੇ ਤਰ੍ਹਾਂ ਕੰਮ ਕਰਦੇ ਜਿਵੇਂ ਕਿ ਪਿਤਾ ਦੇ ਦਸਤਖ ਕੰਮ ਕਰਦੇ ਹਨ।

48 ਹੁਣ ਧਿਆਨ ਦਿਓ ਖੁਦਾ ਨੇ ਕੀ ਕੀਤਾ ਸੀ। ਜਦੋਂ ਉਸਦਾ ਪੁੱਤਰ ਪੈਦਾ ਹੋਇਆ ਤਾਂ ਉਸਨੇ ਤੀਹ ਸਾਲ ਤਕ ਉਸਨੂੰ ਪਰਖਿਆ ਉਸਦੀ ਪ੍ਰੀਖਿਆ ਲਈ। ਇਸ ਤੋਂ ਬਾਅਦ ਉਸਨੇ ਉਸਨੂੰ ਤਿੰਨ ਸਾਲ ਕਠਿਨ ਪ੍ਰੀਖਿਆ ਵਿੱਚੋਂ ਦੀ ਕੱਢਿਆ। ਅਤੇ ਉਸ ਕਠਿਨ ਪ੍ਰੀਖਿਆ ਦੇ ਅੰਤ ਵਿੱਚ ਜਦ ਉਸਨੇ ਵੇਖਿਆ ਕਿ ਉਸਦਾ ਪੁੱਤਰ ਉਸਦੇ ਕੰਮ ਕਾਰ ਵਿੱਚ; ਬਿਲਕੁੱਲ ਠੀਕ ਹੈ। ਤਾਂ ਰੂਪ ਬਦਲ ਜਾਣ ਵਾਲੇ ਪਹਾੜ ਉੱਤੇ ਲੂਕ ਦੀ ਕਿਤਾਬ ਅਨੁਸਾਰ; ਉਸਨੇ ਆਪਣੇ

ਨਾਲ ਪਤਰਸ, ਯਾਕੂਬ, ਅਤੇ ਯੂਹੰਨਾ, ਤਿੰਨ ਗਵਾਹਾਂ ਨੂੰ ਲਿਆ, ਅਤੇ ਉਹ ਉਸ ਪਹਾੜ ਤੇ ਗਿਆ ਅਤੇ ਉੱਥੇ ਖੁਦਾ ਨੇ ਲੇਪਾਲਕਪਣ ਦੇ ਨਿਯਮਾਂ ਨੂੰ ਪੂਰਿਆਂ ਕੀਤਾ। ਉਹਨੇ...ਉਹਨਾਂ ਨੇ ਆਪਣਿਆਂ ਅੱਖਾਂ ਉੱਪਰ ਚੁੱਕੀਆਂ ਅਤੇ ਉਨ੍ਹਾਂ ਨੇ ਯਿਸੂ ਨੂੰ ਵੇਖਿਆ ਅਤੇ ਉਸਦੇ ਬਸਤ੍ਰ ਸੂਰਜ ਵਾਂਗ ਸਫੇਦ ਸਨ। ਅਤੇ ਇੱਕ ਬਦਲ ਉਸਦੇ ਉੱਪਰ ਛਾ ਗਿਆ ਅਤੇ ਉਸ ਵਿੱਚੋਂ ਇੱਕ ਅਵਾਜ ਆਈ ਅਤੇ ਕਿਹਾ, "ਇਹ ਮੈਂ ਪਿਆਰਾ ਪੁੱਤਰ ਹੈ; ਇਸਦੀ ਸੁਣੋ। ਮੈਂ ਬੈਠ ਜਾਵਾਂਗਾ ਅਤੇ ਮੇਰੇ ਕੋਲ ਕਹਿਣ ਲਈ ਕੁਝ ਨਹੀਂ ਹੈ। ਹੁਣ ਜੋ ਉਹ ਕਹਿੰਦਾ ਹੈ ਉਹ ਹੀ ਬਿਵਸਥਾ ਅਤੇ ਸੱਚਾਈ ਹੈ"।

49 ਹੁਣ ਕਲੀਸੀਆ ਉਹਨਾਂ ਸਕੂਲਾਂ ਦੇ ਰਾਹੀਂ ਆਈ ਹੈ। ਉਸਨੇ ਬਹੁਤ ਦੇਰ ਪਹਿਲਾਂ ਹੀ ਵਿਆਹ ਕਰ ਲਿਆ ਸੀ, ਅਤੇ ਇੱਕ ਮਿਸ਼ਨ ਬਣ ਗਈ, ਉਹ ਇੱਕ ਸੰਸਥਾ ਬਣ ਗਈ ਸੀ। ਪਰੰਤੂ ਕੀ ਤੁਸੀਂ ਧਿਆਨ ਦਿੱਤਾ ਕਿ ਜਨਮ ਨੇ ਕਿਸੇ ਹੋਰ ਚੀਜ ਨੂੰ ਪੈਦਾ ਕੀਤਾ। ਅਤੇ ਇਹ ਉਹ ਸਥਾਨ ਤੇ ਆ ਗਈ, ਜਿੱਥੇ ਪੈਂਤੀਕਾਸਤਲ ਕਲੀਸੀਆ ਨੂੰ ਨਵੇਂ ਜਨਮ ਨਾਲ ਪਰਖਿਆ, ਅਤੇ ਜਾਂਚਿਆ ਗਿਆ। ਅਤੇ ਹੁਣ ਇਹ ਇੱਕ ਅਜਿਹੀ ਜਗ੍ਹਾ ਤੇ ਆ ਗਈ ਹੈ...ਪਰਮੇਸ਼ਵਰ ਆਪਣੀ ਕਲੀਸੀਆ ਨਾਲ ਇੱਕ ਇਕੱਠ ਦੇ ਰੂਪ ਵਿੱਚ ਕੰਮ ਨਹੀਂ ਕਰਦਾ ਹੈ। ਉਹ ਆਪਣੀ ਕਲੀਸੀਆ ਨਾਲ ਲੋਕਾਂ ਦੇ ਝੁੰਡ ਦੇ ਰੂਪ ਵਿੱਚ ਵਿਵਹਾਰ ਨਹੀਂ ਕਰਦਾ।

ਉਹ ਕਲੀਸੀਆ ਨਾਲ ਵਿਅਕਤੀਗਤ ਤੌਰ ਤੇ ਹਰੇਕ ਮਨੁੱਖ ਨਾਲ ਨਿੱਜੀ ਤੌਰ ਤੇ ਵਿਵਹਾਰ ਕਰ ਰਿਹਾ ਹੈ। ਅਤੇ ਹੁਣ ਇਸ ਸਮੇਂ ਤੇ ਆ ਗਈ ਹੈ... ਅਤੇ ਹੁਣ ਇਹ ਭੇਤ ਨਹੀਂ ਹੈ; ਅਸੀਂ ਸਭ ਇਹ ਵੇਖਦੇ ਹਾਂ। ਜਦ ਕੋਈ ਮਨੁੱਖ ਆਪਣੇ ਆਪ ਨੂੰ ਸਾਬਿਤ ਕਰਦਾ ਹੈ ਅਤੇ ਖੁਦਾ ਉਸਦੇ ਨਾਲ ਪਿਆਰ ਕਰਦਾ ਹੈ ਤਾਂ ਖੁਦਾ ਉਸਨੂੰ ਆਪਣੇ ਲਈ ਕਿਤੇ ਬਾਹਰ ਲੈ ਜਾਂਦਾ ਹੈ। ਉਹ ਉੱਥੇ ਸੁਰਗੀ ਦੂਤਾਂ ਦੇ ਸਾਹਮਣੇ ਉਹਦੇ ਲਈ ਕੁਝ ਕਰਦਾ ਹੈ। ਉੱਥੇ ਉਹ ਖੁਦਾ ਦੀ ਹਜੂਰੀ ਵਿੱਚ ਉਹਨੂੰ ਉੱਚਾ ਚੁੱਕਦਾ ਹੈ ਅਤੇ ਉਸਨੂੰ ਵਰਦਾਨ ਦਿੰਦਾ ਹੈ ਅਤੇ ਉਸਨੂੰ ਭਰਪੂਰ ਕਰਦਾ ਹੈ ਅਤੇ ਉਸਨੂੰ ਬਾਹਰ ਭੇਜਦਾ ਹੈ। ਇਹ ਉਹੀ ਯੁੱਗ ਹੈ ਜਿਸ ਵਿੱਚ ਅਸੀਂ ਰਹਿ ਰਹ ਹਾਂ।

50 ਉਹੀ ਪਵਿੱਤਰ ਆਤਮਾ ਜਿਦਣੇ ਲੂਥਰਨਾ ਨੂੰ ਬਚਾਇਆ ਸੀ; ਉਸ ਪਵਿੱਤਰ ਆਤਮਾ ਨੇ ਹੀ ਮੇਥੋਡਿਸਟਾਂ ਨੂੰ ਪਵਿੱਤਰ ਠਹਿਰਾਇਆ ਉਸੇ ਨਾਲ ਪੈਂਤੀਕਾਸਤਲਾ ਨੂੰ ਬਪਤੀਸਮਾ ਮਿਲਿਆ; ਉਹੀ ਪਵਿੱਤਰ ਆਤਮਾ ਹੁਣ ਮਸੀਹ ਦੀ ਆਮਦ ਦੇ ਲਈ ਸਭ ਕੁਝ ਠੀਕ ਬਿਵਸਥਾ ਵਿੱਚ ਕਰ ਰਿਹਾ ਹੈ। ਜਦ, ਇਹ ਦੇਹ ਇੰਨੀ ਜਿਆਦਾ ਸ਼ਕਤੀ ਨਾਲ ਭਰ ਜਾਵੇਗੀ ਜਦੋਂ ਇਸ

ਕਲੀਸੀਆ ਦੇ ਇਸ ਝੁੰਡ ਵਿੱਚ ਇੰਨੀ ਸ਼ਕਤੀ ਆ ਜਾਵੇਗੀ ਤਾਂ ਫਿਰ ਉਹ ਬਾਕੀਆਂ ਨੂੰ ਕਬਰ ਵਿੱਚੋਂ ਬਾਹਰ ਕੱਢ ਲਿਆਵੇਗੀ। ਇਹ ਜੀ ਉਠਣਾ ਹੋਵੇਗਾ। ਇਸੇ ਲਈ ਹੀ ਪਵਿੱਤਰ ਆਤਮਾ ਦਿੱਤਾ ਗਿਆ ਹੈ। ਪਵਿੱਤਰ ਆਤਮਾ ਕੀ ਹੈ? "ਸਾਡੇ ਤੋਂ ਬਿਨਾਂ ਉਹ ਸਿੱਧ ਨਹੀਂ ਹੋ ਸਕਦੇ"। ਉਹ ਕਿਸੇ ਦਿਨ ਉਸਦੇ ਥੱਲੇ ਰਹੇ ਸਨ। ਅਤੇ ਅਸੀਂ ਕਿਸੇ ਦੂਸਰੇ ਦਿਨ ਵਿੱਚ ਰਹਿ ਰਹੇ ਹਾਂ।

"ਜਦ ਦੁਸ਼ਮਣ ਹੜ ਦੀ ਨਦੀ ਵਾਂਗ ਆਵੇਗਾ, ਮੈਂ...ਯਹੋਵਾਹ ਦਾ ਆਤਮਾ ਉਸਨੂੰ ਰੋੜੇਗਾ ਅਰਥਾਤ ਉਸਦੇ ਵਿਰੁੱਧ ਝੰਡਾ ਗੱਡਦਾ ਹੈ"। ਸਮਝੇ? ਅੱਜ ਅਸੀਂ ਇਸ ਦਿਨ ਵਿੱਚ ਰਹਿ ਰਹੇ ਹਾਂ...

51 ਪਹਿਲੇ ਸਮੇਂ ਵਿੱਚ ਉਹ ਸਾਡੇ ਨਾਲੋਂ ਅੱਧੇ ਵੀ ਅਕਲ ਵਾਲੇ ਜਾਂ ਤੇਜ ਨਹੀਂ ਸਨ ਜਿੰਨੇ ਕਿ ਅਸੀਂ ਅੱਜ ਹਾਂ। ਉਹ ਪਰਮਾਣੂ ਬੰਬ ਜਾਣ ਆਟੋ ਮੋਬਾਈਲ ਗੱਡੀਆਂ ਨਹੀਂ ਬਣਾ ਸਕਦੇ ਸਨ। ਉਹਨਾਂ ਕੋਲ ਵਿਗਿਆਨ ਅਤੇ ਹੋਰ ਦੂਸਰਿਆਂ ਵਸਤਾਂ ਨਹੀਂ ਸਨ ਜਿਵੇਂ ਕਿ ਹੁਣ ਸਾਡੇ ਕੋਲ ਹਨ, ਪਰ, ਭੇਤ ਪੂਰਨ ਗੱਲਾਂ ਸਾਡੇ ਕੋਲ ਹਨ; ਉਹ ਇਹ ਕਹਿਣ ਦੀ ਕੋਸ਼ਿਸ਼ ਕਰਦੇ ਅਤੇ ਕੁਝ ਨਿਰੀਖਣ ਕਰਕੇ ਕਹਿਣ ਦੀ ਕੋਸ਼ਿਸ਼ ਕਰਦੇ ਹਨ ਕਿ ਮਿੱਟੀ ਦੇ ਧਮਾਕੇ ਨਾਲ ਆਦਮੀ ਬਣ ਗਿਆ। ਅਤੇ ਇਸ ਤਰ੍ਹਾਂ ਉਹ ਲੋਕਾਂ ਨੂੰ ਨਾਸਤਿਕ ਬਣਾ ਰਹੇ ਹਨ।

ਪਰ ਹੁਣ ਜਦ ਸਾਨੂੰ ਇਸਦੀ ਜਰੂਰਤ ਹੈ ਤਾਂ ਪਰਮੇਸ਼ਵਰ ਦਾ ਆਤਮਾ ਝੰਡਾ ਖੜ੍ਹਾ ਕਰਦਾ ਹੈ। ਇਹ ਕੀ ਹੈ? ਉਹ ਅਪਣਾ ਆਤਮਾ ਭੇਜ ਅਰਥਾਤ ਉਂਦੇਲ ਰਿਹਾ ਹੈ। ਤਦ, ਉਹ ਜੋ ਬਾਹਰ ਕਬਰਾਂ ਵਿੱਚ ਆਰਾਮ ਕਰ ਰਹੇ ਹਨ ਜਾਂ ਪਰਮੇਸ਼ਵਰ ਦੀ ਜਗਵੇਦੀ ਥੱਲੇ ਆਰਾਮ ਕਰ ਰਹੇ ਹਨ। ਜਿਵੇਂ ਕਿ ਵਚਨ ਆਖਦਾ ਹੈ ਉਹ ਉੱਚੀ ਆਵਾਜ ਨਾਲ ਪੁਕਾਰ ਕੇ ਆਖਦੇ ਹਨ, "ਪ੍ਰਭੂ, ਹੋਰ ਕਿੰਨਾ ਚਿਰ? ਕਿੰਨਾ ਚਿਰ? ਹੋਰ ਕਿਨਾਂ ਚਿਰ?" ਖੁਦਾ ਮੇਰੇ ਅਤੇ ਤੁਹਾਡੇ ਲਈ ਉਡੀਕ ਕਰ ਰਿਹਾ ਹੈ। ਪਰਮੇਸ਼ਵਰ ਦੀ ਕਲੀਸੀਆ ਤੁਹਾਡੀ ਅਤੇ ਮੇਰੀ ਉਡੀਕ ਕਰ ਰਹਿ ਹੈ। ਲੇਪਾਲਕਪਨ ਦਾ ਸਮਾਂ, ਜਦੋਂ ਖੁਦਾ ਆਪਣੇ ਪੂਰੀ ਭਰਪੂਰੀ ਆਪਣੀ ਸਮਰੱਥ ਅਪਣਾ ਜੀ ਉਠਣਾ ਸਾਡੇ ਅੰਦਰ ਭਰ ਰਿਹਾ ਹੈ। ਜਦੋਂ ਉਸਦੀ ਕਲੀਸੀਆ ਅਤੇ ਮਸੀਹੀ ਇੱਕ ਦੂਸਰੇ ਦੀ ਇੰਨੀ ਨਜਦੀਕੀ ਵਿੱਚ ਆ ਰਹੇ ਹਨ ਕਿ ਮਸੀਹ ਸਾਡੇ ਵਿੱਚ ਦਿਖਾਈ ਦਿੰਦਾ ਹੈ ਅਤੇ ਮੁਰਦਿਆਂ ਨੂੰ ਜਿਉਂਦਾ ਕਰਦਾ ਹੈ, ਅਤੇ ਅਸੀਂ ਸਵਰਗ ਵਿੱਚ ਉਠਾਏ ਜਾਵਾਂਗੇ।

52 ਹੁਣ ਅਸੀਂ ਕਹਿਣ ਜਾ ਰਹੇ ਹਾਂ, ਥੋੜੀ ਦੇਰ ਵਿੱਚ ਵਿਖਾਵਾਂਗੇ, ਕਿ ਸਵਰਗ ਤੇ ਉਹ ਹੀ ਲੋਕ ਉਠਾਏ ਜਾਣਗੇ ਜਿਹਦੇ ਪਵਿੱਤਰ ਆਤਮਾ ਨਾਲ ਭਰੇ ਹਨ। "ਜਦੋਂ ਤੱਕ ਹਜ਼ਾਰ ਸਾਲ ਪੂਰੇ ਨਹੀਂ ਹੋਏ ਉਦੋਂ ਤੱਕ ਬਾਕੀ ਮਰੇ ਹੋਏ ਜੀ ਨਹੀਂ

ਉਠੇ"। ਇਹ ਠੀਕ ਹੈ। ਸਿਰਫ਼ ਪਵਿੱਤਰ ਆਤਮਾ ਨਾਲ ਭਰੇ ਹੋਏ ਸਾਰੇ ਲੋਕ ਸਵਰਗ ਵਿੱਚ ਉਠਾਏ ਗਏ। ਹੁਣ, ਪ੍ਰਭੂ ਨੇ ਪਵਿੱਤਰ ਆਤਮਾ ਦਿੱਤਾ...

53 ਮੇਰੇ ਕੋਲ ਵਚਨ ਦਾ ਇੱਕ ਹੋਰ ਹਵਾਲਾ ਹੈ ਯੂਹੰਨਾ 14:12 ਵਿੱਚੋਂ ਇਹਨਾਂ ਲੋਕਾਂ ਲਈ ਜਿਹੜੇ ਸਭਾ ਵਿੱਚ ਆਉਂਦੇ ਹਨ ਇਹ ਵਚਨ ਜਾਣਿਆ ਪਛਾਣਿਆ ਹੈ।

> ਮੈਂ ਤੁਹਾਨੂੰ ਸੱਚ, ਸੱਚ ਆਖਦਾ ਹਾਂ ਜਿਹੜਾ ਮੇਰੇ ਤੇ ਵਿਸ਼ਵਾਸ ਕਰਦਾ ਹੈ...

ਹੁਣ ਤੁਸੀਂ ਜੋ ਪਿੱਛੇ ਬੈਠੇ ਹੋਏ ਹੋ ਇਸ ਸ਼ਬਦ "ਵਿਸ਼ਵਾਸ" ਨੂੰ ਧਿਆਨ ਨਾਲ ਸੁਣੋ। ਅਖੌਤੀ ਕਲੀਸੀਆ ਵਿੱਚ, ਲੋਕ ਕਹਿੰਦੇ ਹਨ, "ਹਾਂ, ਮੈਂ ਵਿਸ਼ਵਾਸ ਕਰਦਾ ਹਾਂ, ਮੈਂ ਪੱਕਾ ਯਕੀਨ ਕਰਦਾ ਹਾਂ ਕਿ ਯਿਸੂ ਪਰਮੇਸ਼ਵਰ ਦਾ ਪੁੱਤਰ ਹੈ"। ਸ਼ੈਤਾਨ ਵੀ ਇਹੋ ਹੀ ਵਿਸ਼ਵਾਸ ਕਰਦਾ ਹੈ। ਇਹ ਬਿਲਕੁਲ ਠੀਕ ਹੈ। ਬਾਈਬਲ ਦੱਸਦੀ ਹੈ ਕਿ ਉਹ ਇਸਦਾ ਵਿਸ਼ਵਾਸ ਕਰਦਾ ਹੈ।

ਪਰ ਵਚਨ ਯੂਹੰਨਾ ਦੀ ਅੰਜੀਲ ਵਿੱਚ ਕਹਿੰਦਾ ਹੈ, "ਕੋਈ ਵੀ ਮਨੁੱਖ ਯਿਸੂ ਨੂੰ ਮਸੀਹ ਨਹੀਂ ਕਹਿ ਸਕਦਾ ਹੈ ਇਹ ਗੱਲ ਸਿਰਫ਼ ਪਵਿੱਤਰ ਆਤਮਾ ਰਾਹੀ ਹੀ ਕਹਿ ਸਕਦਾ ਹੈ"। ਤੁਸੀਂ ਅਸਲ ਵਿੱਚ ਵਚਨ ਦੇ ਦੁਆਰਾ...ਇਸ ਤੋਂ ਪਹਿਲਾਂ ਕਿ ਮੈਂ ਪੜ੍ਹਨਾ ਬੰਦ ਕਰਾਂ, ਮੈਂ ਥੋੜ੍ਹੀ ਦੇਰ ਇੱਥੇ ਰੁਕਣਾ ਚਾਹੁੰਦਾ ਹਾਂ। ਤੁਸੀਂ ਤਦ ਤਕ ਨਹੀਂ ਬਦਲਦੇ ਹੋ, ਜਦ ਤਕ ਤੁਹਾਨੂੰ ਪਵਿੱਤਰ ਆਤਮਾ ਨਹੀਂ ਮਿਲ ਜਾਂਦਾ। ਇਹ ਠੀਕ ਹੈ।

54 ਤੁਸੀਂ ਤਾਂ ਬਸ ਉਸ "ਉੱਤੇ" ਵਿਸ਼ਵਾਸ ਕਰ ਰਹੇ ਹੋ। ਪਵਿੱਤਰ ਆਤਮਾ ਤੁਹਾਡੇ ਨਾਲ ਬੋਲਿਆ ਅਤੇ ਤੁਸੀਂ ਜਨਤਕ ਤੌਰ ਤੇ ਉਸਦਾ ਇਕਰਾਰ ਕਰ ਲਿਆ। ਸ਼ੈਤਾਨ ਵੀ ਇਸੇ ਤਰ੍ਹਾਂ ਹੀ ਕਰਦਾ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਪਰਮੇਸ਼ਵਰ ਦਾ ਪੁੱਤਰ ਹੈ। ਸ਼ੈਤਾਨ ਵੀ ਇਹੋ ਕੁਝ ਕਰਦਾ ਹੈ। ਪਰੰਤੂ ਤੁਸੀਂ ਤਾਂ ਮਸੀਹ ਦੀ ਵੱਲ ਅਗਾਂਹ ਵੱਧਦੇ ਜਾਂਦੇ ਹੋ।

ਜਦ, ਪਤਰਸ ਬੁਲਾਇਆ ਅਤੇ ਯਿਸੂ ਮਸੀਹ ਤੇ ਵਿਸ਼ਵਾਸ ਕਰਨ ਰਾਹੀ ਧਰਮੀ ਠਹਿਰਾਇਆ ਜਾ ਚੁੱਕਾ ਸੀ; ਤਾਂ ਯੂਹੰਨਾ 17:17 ਵਿੱਚ, ਯਿਸੂ ਮਸੀਹ ਉਨ੍ਹਾਂ ਨੂੰ ਵਚਨ ਨਾਲ ਪਵਿੱਤਰ ਕਰਦਾ ਹੈ। ਕਿਉਂਕਿ ਵਚਨ ਸੱਚਾ ਹੈ। ਅਤੇ ਉਹ ਵਚਨ ਸੀ, ਪਹਿਲਾ, ਯੂਹੰਨਾ ਆਖਦਾ ਹੈ, "ਆਦ ਵਿੱਚ ਵਚਨ ਸੀ, ਅਤੇ ਵਚਨ ਪਰਮੇਸ਼ਵਰ ਦੇ ਨਾਲ ਸੀ, ਅਤੇ ਵਚਨ ਹੀ ਪਰਮੇਸ਼ਵਰ ਸੀ। ਅਤੇ ਵਚਨ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵਾਸ ਕੀਤਾ"। ਉਹ ਵਚਨ ਸੀ ਇਸ ਲਈ ਉਸਨੇ ਉਨ੍ਹਾਂ ਨੂੰ ਪਵਿੱਤਰ ਕੀਤਾ। ਉਸਨੇ ਆਖਿਆ, "ਪਿਤਾ", ਉਹ ਉਸ ਆਤਮਾ ਨਾਲ ਗੱਲ ਕਰ ਰਿਹਾ ਸੀ ਜੋ ਉਸ ਵਿੱਚ ਸੀ। "ਮੈਂ

ਉਹਨਾਂ ਨੂੰ ਵਚਨ ਨਾਲ ਪਵਿੱਤਰ ਕਰਦਾ ਹਾਂ"। ਉਸਨੇ ਆਪ ਆਪਣੇ ਹੱਥਾਂ ਨੂੰ ਉਹਨਾਂਉੱਤੇ ਰੱਖਿਆ ਸੀ। "ਤੇਰਾ ਵਚਨ ਸੱਚਾਈ ਹੈ"। ਉਸਦੀ ਹੋਂਦ ਤਾਂ ਬਸ ਵਚਨ ਬੋਲਣ ਨਾਲ ਔਰਤ ਦੀ ਕੁੱਖ ਵਿੱਚ ਹੋਈ ਸੀ; ਇਸ ਲਈ ਔਹ ਇਹ ਬਿਲਕੁਲ ਅਸੰਭਵ ਸੀ ਕਿ ਉਹ ਵਚਨ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ ਅਪਣਾ ਪ੍ਰਗਟਾਵਾ ਕਰੇ। "ਮੈਂ ਉਹਨਾਂ ਨੂੰ ਪਵਿੱਤਰ ਕਰਦਾ ਹਾਂ"।

55 ਉਸਨੇ ਉਹਨਾਂ ਨੂੰ ਭ੍ਰਿਸ਼ਟ ਆਤਮਾਵਾਂ ਨੂੰ ਕੱਢਣ ਦੀ ਸ਼ਕਤੀ ਦਿੱਤੀ ਸੀ। ਉਹ ਬਾਹਰ ਗਏ। ਉਸਨੇ ਉਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਸਨ। ਅਤੇ ਉਸਨੇ ਉਹਨਾਂ ਨੂੰ ਬਾਹਰ ਭੇਜਿਆ...ਯੂਹੰਨਾ ਮੱਤੀ 10 ਉਸਨੇ ਉਹਨਾਂ ਨੂੰ ਭੂਤਾਂ ਕੱਢਣ ਦੀ ਸ਼ਕਤੀ ਅਤੇ ਭਰਿਸ਼ਤ ਆਤਮਾਵਾਂ ਉੱਤੇ ਅਧਿਕਾਰ ਦਿੱਤਾ ਸੀ। ਅਤੇ ਹੋਰ ਕੰਮ ਕਰਨ ਦਾ ਅਧਿਕਾਰ ਦਿੱਤਾ ਹੋਇਆ ਸੀ। ਅਤੇ ਉਹ ਵੱਡੇ ਆਨੰਦ ਨਾਲ ਵਾਪਿਸ ਮੁੜੇ ਅਤੇ ਆਖਿਆ, "ਇੱਥੋਂ ਤਕ ਕਿ ਭੂਤ ਵੀ ਸਾਡੇ ਵੱਸ ਵਿੱਚ ਹਨ"।

ਉਸਨੇ ਆਖਿਆ, "ਤੁਸੀਂ ਇਸ ਲਈ ਆਨੰਦ ਨਾ ਹੋਵੋ ਕਿ ਭੂਤ ਤੁਹਾਡੇ ਵੱਸ ਵਿੱਚ ਹਨ ਬਲਕਿ ਇਸ ਲਈ ਆਨੰਦ ਹੋਵੋ ਕਿ ਤੁਹਾਡੇ ਨਾਮ ਪੋਥੀ ਵਿੱਚ ਲਿਖੇ ਹੋਏ ਹਨ"। ਅਤੇ ਯਹੂਦਾ ਉਹਨਾਂ ਦੇ ਨਾਲ ਸੀ। ਵੇਖੋ ਉਹ ਕਿੰਨੀ ਨੇੜਤਾ ਵਿੱਚ ਆ ਸਕਦਾ ਸੀ। ਉਹ ਧਰਮੀ ਠਹਿਰਾਏ ਜਾਣ ਤੋਂ ਪਵਿੱਤਰ ਕਿਤੇ ਜਾਣ ਤਕ ਪਹੁੰਚਦਾ ਹੈ। ਪਰ ਉਸਨੇ ਆਪਣਾ ਚਾਨਣ ਕਿੱਥੇ ਵਿਖਾਇਆ? ਉਸਨੇ ਆਪਣੇ ਆਪ ਨੂੰ ਕਿੱਥੇ ਪ੍ਰਗਟ ਕੀਤਾ? ਪੈਂਤੀਕੁਸਤ ਤੋਂ ਪਹਿਲਾਂ ਉਸਨੇ ਆਪਣੇ ਰੰਗ ਵਿਖਾ ਦਿੱਤੇ।

56 ਵੇਖੋ ਕਿ ਉਹ ਆਤਮਾ ਜਿੰਨਾਂ ਧਰਮੀ ਅਤੇ ਪਵਿੱਤਰ ਹੋ ਸਕਦਾ ਹੈ ਉਨਾਂ ਹੀ ਹੋਵੇਗਾ ਜਦ ਤਕ ਕਿ ਪਵਿੱਤਰ ਆਤਮਾ ਨਹੀਂ ਆ ਜਾਂਦਾ ਹੈ ਅਤੇ ਉਹ ਉਸਨੂੰ ਅਲੱਗ ਕਰ ਦੇਣਗੇ। ਇਹ ਹੀ ਉਹ ਆਤਮਾ ਹੈ। (ਕੀ ਤੁਸੀਂ ਇਸਨੂੰ ਨਹੀਂ ਵੇਖ ਸਕਦੇ?) ਮਸੀਹ ਵਿਰੋਧੀ ਅਪਣਾ ਕੰਮ ਕਰ ਰਿਹਾ ਹੈ। ਅਤੇ ਯਿਸੂ ਨੇ ਆਖਿਆ, "ਉਹ ਦੋਨੋਂ ਆਤਮੇ ਆਖਰੀ ਦਿਨਾਂ ਵਿੱਚ ਇੰਨੇ ਨੇੜੇ ਹੋਣਗੇ ਕਿ ਜੇ ਹੋ ਸਕਿਆ ਤਾਂ ਚੁਣਿਆਂ ਹੋਇਆਂ ਨੂੰ ਵੀ ਭਰਮਾਂ ਦੇਵੇ"। ਪਰ, ਯਾਦ ਰੱਖੋ, ਇਹ ਸਿਰਫ਼ ਚੁਣੇ ਹੋਏ ਹੀ ਹੋਣਗੇ ਜੋ ਇਸਨੂੰ ਵੇਖ ਸਕਣਗੇ।

ਪਰਮੇਸ਼ਵਰ ਚੋਣ ਰਾਹੀ ਬੁਲਾਉਂਦਾ ਹੈ। ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਉਹਨਾਂ ਵਿੱਚੋਂ ਇੱਕ ਹੈ? [ਸੰਗਤ ਆਖਦੀ ਹੈ ਆਮੀਨ- ਸੰਪਾਦਕ] ਕੀ ਅੱਜ ਰਾਤ ਤੁਸੀਂ ਜਿਹੜੇ ਇੱਥੇ ਹੋ, ਜੋ ਇੱਥੇ ਜਾਣਦੇ ਹਨ ਕਿ ਉਨ੍ਹਾਂ ਦੇ ਦਿਲਾਂ ਵਿੱਚ ਕੋਈ ਚੀਜ ਵੱਡੇ ਜੋਰ ਨਾਲ ਪੁਕਾਰ ਰਹੀ ਹੈ। "ਮੈਂ ਉਹ ਪਵਿੱਤਰ ਆਤਮਾ ਚਾਹੁੰਦਾ ਹਾਂ। ਪ੍ਰਭੂ ਮੈਂ ਤੈਨੂੰ ਆਪਣੇ ਦਿਲ ਵਿੱਚ ਚਾਹੁੰਦਾ ਹਾਂ?" ਅਜਿਹਾ ਇਸ

ਲਈ ਹੈ ਕਿ ਖੁਦਾ ਨੇ ਜਗਤ ਦੀ ਨੀਂਹ ਧਰਮ ਤੋਂ ਪਹਿਲਾਂ ਹੀ ਤੁਹਾਡਾ ਨਾਮ ਲੇਲੇ ਦੇ ਜੀਵਨ ਦੀ ਪੁਸਤਕ ਵਿੱਚ ਲਿਖਿਆ ਹੈ। ਉਸਨੇ ਇਹ ਕਿਹਾ ਹੈ।

"ਕੋਈ ਵੀ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ," ਯਿਸੂ ਨੇ ਆਖਿਆ, "ਜਦ ਤਕ ਮੇਰਾ ਪਿਤਾ ਹੀ ਉਸਨੂੰ ਨ ਖਿੱਚੇ। ਅਤੇ ਜਿੰਨੇ ਮੇਰੇ ਕੋਲ ਆਉਂਦੇ ਹਨ ਮੈਂ ਉਹਨਾਂ ਨੂੰ ਅਨੰਤ ਜੀਵਨ ਦਿਆਂਗਾ"। ਅਨੰਤ ਜੀਵਨ ਕੀ ਹੈ? ਤੁਸੀਂ "ਆਨੰਤ ਜੀਵਨ" ਨੂੰ ਯੂਨਾਨੀ ਭਾਸ਼ਾ ਵਿੱਚ ਵੇਖੋ, ਅਤੇ ਇਹ ਦੱਸਦਾ ਹੈ ਕਿ ਇਹ *ਜ਼ੋਈ* ਹੈ। ਜ਼ੋਈ ਪਵਿੱਤਰ ਆਤਮਾ ਹੈ। "ਜਿਹੜੇ ਪਿਤਾ ਨੇ ਮੈਨੂੰ ਦਿੱਤੇ ਹਨ ਉਹ ਸਭ ਮੇਰੇ ਕੋਲ ਆਉਣਗੇ। ਅਤੇ ਮੈਂ ਉਹਨਾਂ ਸਾਰਿਆਂ ਨੂੰ ਪਵਿੱਤਰ ਆਤਮਾ ਦਿਆਂਗਾ। ਅਤੇ ਉਹਨਾਂ ਨੂੰ ਆਖਰੀ ਦਿਨ ਫਿਰ ਜਿਉਂਦਾ ਖੜ੍ਹਾ ਕਰਾਂਗਾ। ਮੈਂ ਇਸੇ ਤਰ੍ਹਾਂ ਹੀ ਕਰਾਂਗਾ"। ਉਸਨੇ ਇਸ ਤਰ੍ਹਾਂ ਕਿਹਾ ਸੀ। ਉਸਨੇ ਇਹ ਨਹੀਂ ਕਿਹਾ ਸੀ ਕਿ ਸ਼ਾਇਦ ਜਾਂ ਜੇ ਹੋ ਸਕਿਆ ਤਾਂ। ਉਸਨੇ ਤਾਂ ਕਿਹਾ ਸੀ "ਜੋ ਕੋਈ ਮੇਰੇ ਕੋਲ ਆਵੇਗਾ; ਮੈਂ ਉਹਨਾਂ ਸਭਨਾਂ ਨੂੰ ਆਨੰਤ ਜੀਵਨ ਦਿਆਂਗਾ"। ਅਤੇ ਉਸਨੇ ਹਰ ਆਦਮੀ ਨੂੰ ਜਿਉਂਦਾ ਕਰਨਾ ਹੈ। ਕਿਉਂਕਿ ਉਸਦੇ ਕੋਲ ਆਨੰਤ ਜੀਵਨ ਹੈ, ਉਸਨੇ ਤਾਂ ਫਿਰ ਜਿਉਂਦਾ ਹੋਣਾ ਹੈ। ਉਹ ਮਰ ਨਹੀਂ ਸਕਦਾ ਹੈ ਕਿਉਂਕਿ ਪਰਮੇਸ਼ਵਰ ਮਰ ਨਹੀਂ ਸਕਦਾ ਹੈ।

57 ਹੇ, ਮੇਰੇ ਪਿਆਰੇ ਦੋਸਤੋ ਤੁਸੀਂ ਜੋ ਦੇਸ਼ ਵਿੱਚੋਂ ਜਗ੍ਹਾ ਜਗ੍ਹਾ ਤੋਂ ਆਏ ਹੋ, ਅਤੇ ਜਿਹੜੇ ਇਸ ਛੋਟੇ ਸ਼ਹਿਰ ਵਿੱਚ ਹਨ, ਜੇ ਮੈਂ ਆਪਣੀ ਮਨੁੱਖੀ ਆਵਾਜ ਨਾਲ ਪਵਿੱਤਰ ਆਤਮਾ ਪ੍ਰਾਪਤ ਕਰਨ ਦੀ ਮਹੱਤਤਾ ਤੁਹਾਡੇ ਦਿਲਾਂ ਵਿੱਚ ਕਾਇਮ ਕਰ ਸਕਾਂ। ਤਾਂ ਇਹ ਉਹ ਮਹਾਨ ਅਦਭੁਤ ਪ੍ਰਕਾਸ਼ ਹੋਵੇਗਾ ਜੋ ਕਦੇ ਤੁਹਾਡੇ ਜੀਵਨ ਵਿੱਚ ਪ੍ਰਾਪਤ ਹੁੰਦਾ ਹੈ। ਇਹ ਵੇਖਣਾ ਹੈ...ਤੁਹਾਨੂੰ ਇਹ ਜਰੂਰ ਕਰਨਾ ਚਾਹੀਦਾ ਹੈ।

ਮੈਨੂੰ ਇਸ ਗੱਲ ਨੂੰ ਸਾਫ ਕਰਨ ਦਿਉ, ਕਿ, "ਪਵਿੱਤਰ ਆਤਮਾ ਪ੍ਰਾਪਤ ਕਰਨ ਤੋਂ ਬਿਨਾਂ ਤੁਸੀਂ ਬਦਲਦੇ ਹੀ ਨਹੀਂ ਹੋ"।

58 ਪਤਰਸ ਬਚਾਇਆ ਜਾ ਚੁੱਕਾ ਸੀ। ਉਸਨੇ ਪ੍ਰਭੂ ਤੇ ਵਿਸ਼ਵਾਸ ਕੀਤਾ ਸੀ, ਉਹ ਪ੍ਰਭੂ ਦੇ ਪਿੱਛੇ ਚਲਿਆ ਸੀ। ਪ੍ਰਭੂ ਯਿਸੂ ਨੇ ਉਸਨੂੰ ਦੱਸ ਦਿੱਤਾ ਕਿ ਉਹ ਕੌਣ ਹੈ, ਅਤੇ ਉਸਨੇ ਉਹਦੇ ਪਿੱਛੇ ਚਲਣਾ ਸੀ। ਪ੍ਰਭੂ ਨੇ ਉਸਨੂੰ ਪਵਿੱਤਰ ਕੀਤਾ ਅਤੇ ਭ੍ਰਿਸ਼ਟ ਆਤਮਿਆਂ ਦੇ ਇਖਤਿਆਰ ਦਿੱਤਾ ਸੀ। ਪਰ ਇਹ ਸਭ ਹੋਣ ਦੇ ਬਾਵਜੂਦ ਅਤੇ ਉਹ ਉਸ ਝੁੰਡ ਦਾ ਮੁੱਖ ਪ੍ਰਚਾਰਕ ਬਣ ਜਾਂਦਾ ਹੈ; ਜਿਵੇਂ ਕਿ ਕੈਥੋਲਿਕ ਇਸ ਨੂੰ ਕਹਿਣਾ ਚਾਹੁਣਗੇ, "ਉਹ ਕਲੀਸੀਆ ਦਾ ਬਿਸ਼ਪ ਜਾਂ ਪੋਪ ਸੀ", ਜਾਂ ਉਹ ਜੋ ਕੁਝ ਵੀ ਸੀ, ਉਹ ਕਲੀਸੀਆ ਦਾ ਪ੍ਰਧਾਨ ਸੀ; ਤਾਂ ਵੀ ਯਿਸੂ

ਨੇ ਉਸ ਰਾਤ ਜਿਸ ਰਾਤ ਉਹ ਫੜਵਾਇਆ ਗਿਆ, ਪੁੱਛਿਆ, “ਪਤਰਸ, ਕੀ ਤੂੰ ਮੈਨੂੰ ਪਿਆਰ ਕਰਦਾ ਹੈਂ?”

ਤੇ ਉਸਨੇ ਕਿਹਾ, “ਪ੍ਰਭੂ, ਤੂੰ ਜਾਣਦਾ ਹੈਂ ਕਿ ਮੈਂ ਤੇਰੇ ਨਾਲ ਪਿਆਰ ਕਰਦਾ ਹਾਂ”।

ਪ੍ਰਭੂ ਨੇ ਕਿਹਾ, “ਮੇਰੀਆਂ ਭੇਡਾਂ ਨੂੰ ਚਾਰ”। ਉਸਨੇ ਇਸੇ ਤਰ੍ਹਾਂ ਤਿੰਨ ਵਾਰ ਪੁੱਛਿਆ।

ਅਤੇ ਪਤਰਸ ਨੇ ਕਿਹਾ, “ਤੂੰ ਤਾਂ ਜਾਣਦਾ ਹੈਂ ਕਿ ਮੈਂ ਤੇਰੇ ਨਾਲ ਪਿਆਰ ਕਰਦਾ ਹਾਂ, ਮੈਂ ਆਖਿਰ ਤਕ ਤੇਰੇ ਨਾਲ ਚਲਾਂਗਾ ਅਤੇ ਮੈਂ ਮੌਤ ਤਕ ਤੇਰੇ ਨਾਲ ਚਲਾਂਗਾ”। ਆਦਿ ਆਦਿ।

59 ਯਿਸੂ ਨੇ ਕਿਹਾ, “ਇਸ ਤੋਂ ਪਹਿਲਾਂ ਕਿ ਮੁਰਗਾ ਤਿੰਨ ਵਾਰ ਬਾਂਗ ਦੇਵੇ ਤੂੰ…ਇਸ ਤੋਂ ਪਹਿਲਾਂ ਕਿ ਮੁਰਗਾ ਬਾਂਗ ਦੇਵੇ ਤੂੰ ਤਿੰਨ ਵਾਰ ਮੇਰਾ ਇਨਕਾਰ ਕਰੇਂਗਾ”। ਉਹ ਨੇ ਕਿਹਾ, “ਪਰ, ਪਤਰਸ, ਮੈਂ ਤੇਰੇ ਲਈ ਦੁਆ ਕੀਤੀ ਹੈ”। ਧਿਆਨ ਨਾਲ ਸੁਣੋ। ਇੰਨਾ ਹੀ ਕਾਫੀ ਨਹੀਂ ਹੋਏ। “ਮੈਂ ਤੇਰੇ ਲਈ ਦੁਆ ਕੀਤੀ ਹੈ। ਅਤੇ ਜਦ ਤੂੰ ਬਦਲੇ ਤਾਂ ਤੂੰ ਆਪਣੇ ਭਾਈਆਂ ਨੂੰ ਤਕੜੇ ਕਰਨਾ”।

“ਜਦ ਤੂੰ ਮੁੜੇਂ”। ਉਸਨੇ ਜੋਰ ਜੋਰ ਨਾਲ ਚੀਕਾਂ ਮਾਰੀਆਂ ਸਨ। ਉਸਨੇ ਲੱਗਭਗ ਆਤਮਾ ਵਿੱਚ ਨਾਚ ਕੀਤਾ ਸੀ। ਉਸਨੇ ਸਭ ਤਰ੍ਹਾਂ ਦੇ ਕੰਮ ਕਿਤੇ ਸਨ ਪਰ ਹਾਲੇ ਵੀ ਉਸਨੇ ਪਵਿੱਤਰ ਆਤਮਾ ਨਹੀਂ ਪਾਇਆ ਸੀ। “ਜਦ ਤੂੰ ਮੁੜੇਂਗਾ, ਤਾਂ ਆਪਣਿਆਂ ਭਾਈਆਂ ਨੂੰ ਤਕੜਾ ਕਰ”, ਇਹ ਸੱਚ ਹੈ, “ਉਸਦੀ ਯੋਜਨਾ ਨੂੰ ਬਣਾਈ ਰੱਖਣਾ ਹੈ”।

60 ਹੁਣ ਮੈਨੂੰ ਯੂਹੰਨਾ 14:12 ਨੂੰ ਪੜ੍ਹ ਕੇ ਖਤਮ ਕਰਨ ਦਿਓ। ਯੂਹੰਨਾ 14 ਬਾਬ ਦੀ 12 ਆਇਤ ਵਿੱਚ ਯਿਸੂ ਨੇ ਕਿਹਾ, “ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਉਹ ਜਿਹੜਾ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ…” ਅਤੇ ਤੁਸੀਂ ਵਿਸ਼ਵਾਸ ਨਹੀਂ ਕਰ ਸਕਦੇ ਹੋ…“ਜੋ ਮੇਰੇ ਤੇ ਵਿਸ਼ਵਾਸ ਕਰਦਾ ਹੈ”। ਤੁਸੀਂ ਉਸ ਉੱਤੇ ਵਿਸ਼ਵਾਸ ਤਾਂ ਕਰ ਸਕਦੇ ਹੋ, ਜਿੰਨੇ ਇਸਨੂੰ ਸਮਝ ਗਏ ਹਨ, ਕਹਿਣ, “ਆਮੀਨ” [ਸਭਾ ਆਖਦੀ ਹੈ, “ਆਮੀਨ”—ਸੰਪਾ]

61 ਤੁਹਾਨੂੰ ਰਸੂਲਾਂ ਦੇ ਕਰਤਬ ਦੀ 19 ਬਾਬ ਯਾਦ ਹੋਵੇਗੀ। ਮੈਨੂੰ ਚੰਗਾ ਨਹੀਂ ਲੱਗਦਾ। ਕਿ ਮੈਂ ਇਸਨੂੰ ਇੱਥੇ ਹੀ ਬੰਦ ਕਰ ਦਿਆਂ ਪਰ ਮੈਨੂੰ ਤਾਂ ਇਸ ਨੂੰ ਉਸੇ ਤਰ੍ਹਾਂ ਕਹਿਣਾ ਪੈਣਾ ਹੁੰਦਾ ਹੈ ਜਿਸ ਤਰ੍ਹਾਂ ਇਹ ਮੇਰੇ ਕੋਲ ਆਇਆ। ਰਸੂਲਾਂ ਦੇ ਕਰਤਵ 19 ਬਾਬ ਵਿੱਚ, ਜਦ ਇਹ ਬੇਪਟਿਸਟ ਪ੍ਰਚਾਰਕ, ਜੋ ਕਿ ਨਿਯਮ ਦੇਣ ਵਾਲਾ ਅਤੇ ਬਦਲਿਆ ਹੋਇਆ ਮਨੁੱਖ ਸੀ, ਅਤੇ ਉਹ ਪ੍ਰਚਾਰ ਕਰ ਰਿਹਾ ਸੀ ਅਤੇ ਲੋਕ ਬਚ ਰਹੇ ਸਨ। ਅਤੇ ਉਹ ਵੱਡੇ ਆਨੰਦ ਵਿੱਚ ਸਨ, ਉਹ

ਆਨੰਦ ਕਰ ਰਹੇ ਸਨ ਚਿਲਾ ਰਹੇ ਅਤੇ ਸੰਗਤੀਆਂ ਕਰ ਰਹੇ ਸਨ। ਰਸੂਲਾਂ ਦੇ ਕਰਤਵ 18 ਬਾਬ ਵਿੱਚ। ਅੱਕੂਲਾ ਅਤੇ ਪ੍ਰਿਸਕੀਲਾ ਉਸਨੂੰ ਵੇਖਣ ਗਏ ਇਸ ਦਾ ਹਵਾਲਾ ਅਸੀਂ ਕਲ ਰਾਤ ਦਿੱਤਾ ਸੀ। ਅਤੇ ਉਹ ਜਾਣਦੇ ਸਨ ਕਿ ਉਹ ਇੱਕ ਮਹਾਨ ਆਦਮੀ ਸੀ। ਅਤੇ ਉਹ ਇੱਕ ਵਿਦਿਆਰਥੀ ਸੀ। ਅਤੇ ਉਹ ਬਾਈਬਲ ਦੁਆਰਾ ਇਹ ਸਿੱਧ ਕਰ ਰਿਹਾ ਸੀ ਕਿ ਯਿਸੂ ਹੀ ਪਰਮੇਸ਼ਵਰ ਦਾ ਪੁੱਤਰ ਹੈ ਅਤੇ ਉਹ ਬਸ ਯੂਹੰਨਾ ਦਾ ਬਪਤੀਸਮਾ ਹੀ ਜਾਣਦਾ ਸੀ। ਅਜੇ ਉਹ ਪਵਿੱਤਰ ਆਤਮਾ ਦੇ ਬਪਤੀਸਮੇ ਬਾਰੇ ਨਹੀਂ ਜਾਣਦਾ ਸੀ। ਸੋ ਉਸਨੇ ਕਿਹਾ...

ਅੱਕੂਲਾ ਅਤੇ ਪ੍ਰਿਸਕੀਲਾ ਜੋ ਕਿ ਪਤੀ ਪਤਨੀ ਸਨ, ਉਹ ਪਾਉਲੂਸ ਵਾਂਗ ਹੀ ਤੰਬੂ ਬਣਾਉਣ ਵਾਲੇ ਸਨ। ਅਤੇ ਉਨ੍ਹਾਂ ਨੇ ਪੌਲੂਸ ਦੀ ਸਿੱਖਿਆ ਰਾਹੀਂ ਪਵਿੱਤਰ ਆਤਮਾ ਪਾਇਆ ਸੀ। ਉਹਨਾਂ ਨੇ ਕਿਹਾ, "ਸਾਡਾ ਇੱਕ ਭਾਈ ਹੈ ਜੋ ਇੱਥੇ ਆ ਰਿਹਾ ਹੈ। ਉਹ ਸਾਡੇ ਨਾਲ ਇਸਦੇ ਬਾਰੇ ਵਿੱਚ ਕੁਝ ਹੋਰ ਗੱਲਾਂ ਕਰੇਗਾ"।

ਅਤੇ ਜਦੋਂ ਪੋਲੁਸ ਆਇਆ ਅਤੇ ਉਸਨੂੰ ਪ੍ਰਚਾਰ ਕਰਦੇ ਹੋਏ ਸੁਣਿਆ ਤਾਂ ਪੋਲੁਸ ਜਾਣ ਗਿਆ ਕਿ ਉਹ ਇੱਕ ਮਹਾਨ ਆਦਮੀ ਹੈ, ਪੋਲੁਸ ਨੇ ਆਖਿਆ, "ਜਦ ਤੁਸਾਂ ਬਪਤੀਸਮਾ ਲਿਆ ਕੀ ਤੁਸੀਂ ਪਵਿੱਤਰ ਆਤਮਾ ਪਾਇਆ?"

ਉਹਨਾਂ ਨੇ ਕਿਹਾ, "ਅਸੀਂ ਨਹੀਂ ਜਾਣਦੇ...ਕਿ ਕੋਈ ਪਵਿੱਤਰ ਆਤਮਾ ਵੀ ਹੈ"।

ਪੋਲੁਸ ਨੇ ਕਿਹਾ, "ਤਾਂ ਫਿਰ ਕੀ" ਜਾਂ ਅਸਲੀ ਯੂਨਾਨੀ ਭਾਸ਼ਾ ਦੇ ਅਨੁਸਾਰ, "ਫਿਰ ਤੁਸੀਂ ਕਿਵੇਂ ਬਪਤੀਸਮਾ ਲਿਆ?"

ਉਹਨਾਂ ਕਿਹਾ, "ਅਸੀਂ ਤਾਂ ਪਹਿਲਾਂ ਹੀ ਯੂਹੰਨਾ ਤੋਂ ਬਪਤੀਸਮਾ ਲੈ ਚੁੱਕੇ ਹਾਂ"।

62 ਹੁਣ ਧਿਆਨ ਦਿਓ ਪੋਲੁਸ ਨੇ ਕੀ ਕਿਹਾ ਸੀ। ਪੋਲੁਸ ਨੇ ਕਿਹਾ, ਕਿ, "ਯੂਹੰਨਾ ਨੇ ਅਸਲ ਵਿੱਚ ਤੌਬਾ ਦਾ ਬਪਤੀਸਮਾ ਦਿੱਤਾ; ਪਾਪਾਂ ਦੀ ਮਾਫ਼ੀ ਦਾ ਨਹੀਂ, ਬਲਕਿ ਤੌਬਾ ਦਾ ਬਪਤੀਸਮਾ ਦਿੱਤਾ ਸੀ, ਅਤੇ ਇਹੋ ਹੀ ਵਿਸ਼ਵਾਸ ਕਰਦੇ ਹੋ"।

ਜਦ ਤੁਸੀਂ ਮਸੀਹ ਨੂੰ ਅਪਣਾ ਨਿੱਜੀ ਮੁਕਤੀਦਾਤਾ ਮੰਨ ਕੇ ਕਬੂਲ ਕਰਦੇ ਹੋ, ਤਾਂ ਫਿਰ ਤੁਸੀਂ ਪਵਿੱਤਰ ਆਤਮਾ ਦੇ ਬਪਤੀਸਮੇ ਤੇ ਵਿਸ਼ਵਾਸ ਕਰਦੇ ਹੋ। ਇਹ ਪਵਿੱਤਰ ਆਤਮਾ ਦਾ ਬਪਤੀਸਮਾ ਨਹੀਂ ਹੈ, ਮੇਰੇ ਪਿਆਰੇ ਬੇਪਟਿਸਟ ਭਾਈਓ। ਇਹ ਗ਼ਲਤ ਹੈ।

ਇੱਕ ਭਾਈ ਨੇ ਕਿਸੇ ਹੋਰ ਦਿਨ ਮੈਨੂੰ ਆਖਿਆ, ਕਿਹਾ, "ਭਾਈ ਬ੍ਰਾਨਹਮ," ਜਾਂ ਕੁਝ ਸਮਾਂ ਪਹਿਲਾਂ, ਮਹੀਨੇ ਪਹਿਲਾਂ, ਉਹਨੇ ਕਿਹਾ, "ਭਾਈ

ਬ੍ਰਾਨਹਮ, ਅਬ੍ਰਾਹਮ ਨੇ ਪਰਮੇਸ਼ਵਰ ਤੇ ਵਿਸ਼ਵਾਸ ਕੀਤਾ, ਅਤੇ ਇਹ ਉਹਦੇ ਲਈ ਧਾਰਮਿਕਤਾ ਗਿਣਿਆ ਗਿਆ"।

ਮੈਂ ਕਿਹਾ, "ਬਿਲਕੁਲ ਸੱਚ ਹੈ"।

ਕਿਹਾ, "ਇੱਕ ਮਨੁੱਖ ਵਿਸ਼ਵਾਸ ਕਰਨ ਤੋਂ ਵੱਧ ਹੋਰ ਕੀ ਕਰ ਸਕਦਾ ਹੈ?"

63 ਮੈਂ ਆਖਿਆ, "ਇਹੀ ਹੈ ਸਭ ਜੋ ਕਿ ਇੱਕ ਮਨੁੱਖ ਕਰ ਸਕਦਾ ਹੈ। ਉਹੀ ਸਭ ਕੁਝ ਤਾਂ ਉਹ ਕਰ ਸਕਦਾ ਹੈ, ਕਿ ਉਹ ਖੁਦਾ ਤੇ ਵਿਸ਼ਵਾਸ ਕਰੇ। ਪਰ ਖੁਦਾ ਨੇ ਉਹਨੂੰ ਸੁੰਨਤ ਦੀ ਮੋਹਰ ਦਿੱਤੀ ਸੀ," ਕਲ ਰਾਤ ਅਸੀਂ ਇਸਨੂੰ ਵੇਖਿਆ ਸੀ, "ਇਹ ਇੱਕ ਚਿੰਨ ਸੀ ਕਿ ਖੁਦਾ ਨੇ ਉਸਦੇ ਵਿਸ਼ਵਾਸ ਨੂੰ ਜਿਹੜਾ ਉਸਦਾ ਖੁਦਾ ਤੇ ਹੈ ਕਬੂਲ ਕਰ ਲਿਆ ਹੈ"। ਅਤੇ, ਅੱਜ, ਜਦ ਤਕ ਪਰਮੇਸ਼ਵਰ…

ਜਦ ਤੁਸੀਂ ਉਸ ਉੱਤੇ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਉਸਨੂੰ ਆਪਣਾ ਨਿੱਜੀ ਮੁਕਤੀਦਾਤਾ ਕਬੂਲ ਕਰਦੇ ਹੋ। ਪਰ ਜਦ ਖੁਦਾ ਤੁਹਾਨੂੰ ਪਵਿੱਤਰ ਆਤਮਾ ਦੀ ਮੋਹਰ ਦਿੰਦਾ ਹੈ ਤਾਂ ਉਹ ਤੁਹਾਡੇ ਅਤੇ ਤੁਹਾਡੇ ਆਨੰਤ ਨਿਵਾਸ ਤਕ ਜਾਣ ਲਈ ਮੋਹਰ ਲੱਗਾ ਦਿੰਦਾ ਹੈ। ਹੁਣ ਤੁਸੀਂ ਬੇਪਟਿਸਟੋ ਇਸ ਨੂੰ ਲੈ ਲਓ ਅਤੇ ਮੈਂ ਤੁਹਾਡੇ ਨਾਲ ਅਨੰਤ ਸੁਰੱਖਿਆ ਤੇ ਜਾਵਾਂਗਾ। ਸ਼੍ਰੀ ਮਾਨ ਜੀ, ਹਾਂ ਜੀ। ਕਿਉਂਕਿ, "ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸਦੇ ਦੁਆਰਾ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤਕ ਲਈ ਮੋਹਰ ਲੱਗੀ ਹੋਈ ਹੈ"। ਉਸ ਤੇ ਵਿਸ਼ਵਾਸ ਕਰਨ ਨਾਲ ਤੁਹਾਡੇ ਉੱਤੇ ਮੋਹਰ ਨਹੀਂ ਲੱਗਦੀ ਹੈ ਪਰ ਪਵਿੱਤਰ ਆਤਮਾ ਨਾਲ ਮੋਹਰ ਲੱਗਦੀ ਹੈ। ਅਫ਼ਸੀਆਂ 4:30, "ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ, ਜਿਸਦੇ ਦੁਆਰਾ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤਕ ਮੋਹਰ ਲੱਗੀ ਹੋਈ ਹੈ"। ਉਹ ਤੁਹਾਡੇ ਉੱਤੇ ਮੋਹਰ ਲਗਾਉਂਦਾ ਹੈ, ਜਦ ਤੁਸੀਂ ਖੁਦਾ ਦੀ ਨਿਗਾਹ ਵਿੱਚ ਕਿਰਪਾ ਪਾਉਂਦੇ ਹੋ ਤਾਂ ਉਹ ਤੁਹਾਡੇ ਉੱਤੇ ਪਵਿੱਤਰ ਆਤਮਾ ਦੀ ਮੋਹਰ ਲਗਾਉਂਦਾ ਹੈ।

ਇਹ ਇਸੇ ਤਰ੍ਹਾਂ ਹੀ ਹੈ, ਕਿਉਂਕਿ ਬਾਈਬਲ ਆਖਦੀ ਹੈ, "ਕੋਈ ਵੀ ਮਨੁੱਖ ਯਿਸੂ ਨੂੰ ਪਵਿੱਤਰ ਆਤਮਾ ਤੋਂ ਬਿਨਾਂ ਮਸੀਹ ਨਹੀਂ ਕਹਿ ਸਕਦਾ"।

64 ਤੁਸੀਂ ਕਹਿੰਦੇ ਹੋ, "ਮੈਂ ਇਸਦਾ ਵਿਸ਼ਵਾਸ ਕਰਦਾ ਹਾਂ ਕਿਉਂਕਿ ਪਾਸਟਰ ਨੇ ਇੰਝ ਕਿਹਾ ਹੈ"। ਉਹ ਆਪਣੀ ਜਗ੍ਹਾ ਠੀਕ ਹੈ, ਪਰ ਤੁਹਾਨੂੰ ਉਸਦਾ ਕੋਈ ਫ਼ਾਇਦਾ ਨਹੀਂ ਹੈ। "ਮੈਂ ਇਸਦਾ ਵਿਸ਼ਵਾਸ ਕਰਦਾ ਹਾਂ ਕਿਉਂਕਿ ਵਚਨ ਇਸ ਤਰ੍ਹਾਂ ਕਹਿੰਦਾ ਹੈ"। ਇਹ ਠੀਕ ਹੈ, ਪਰ ਇਹ ਤੁਹਾਡੇ ਲਈ ਨਹੀਂ ਹੈ, ਤੁਹਾਡਾ ਇਸ ਦੇ ਨਾਲ ਕੋਈ ਵੀ ਭਲਾ ਨਹੀਂ ਹੈ।

ਸਿਰਫ਼ ਇੱਕ ਹੀ ਢੰਗ ਨਾਲ ਤੁਸੀਂ ਕਹਿ ਸਕਦੇ ਹੋ ਕਿ ਯਿਸੂ ਮਸੀਹ ਹੈ ਉਹ ਇਹ ਜਦ ਪਵਿੱਤਰ ਆਤਮਾ ਤੁਹਾਡੇ ਅੰਦਰ ਆਉਂਦਾ ਹੈ ਅਤੇ ਉਹ ਗਵਾਹੀ ਦਿੰਦਾ ਹੈ, "ਉਹ ਖੁਦਾ ਦਾ ਪੁੱਤਰ ਹੈ"। ਬਸ ਇਸੇ ਹੀ ਢੰਗ ਨਾਲ ਤੁਸੀਂ ਜੀ ਉਠਣਾ ਜਾਣਦੇ ਹੋ, "ਜਦ ਪਵਿੱਤਰ ਆਤਮਾ ਉਸਦੀ ਗਵਾਹੀ ਦਿੰਦਾ ਹੈ, ਜਦ ਪਵਿੱਤਰ ਆਤਮਾ ਆਵੇਗਾ ਤਾਂ ਉਹ ਤੁਹਾਨੂੰ ਮੇਰੀਆਂ ਕਹੀਆਂ ਹੋਇਆਂ ਗੱਲਾਂ ਯਾਦ ਕਰਾਏਗਾ। ਉਹ ਮੇਰੀ ਹੀ ਗਵਾਹੀ ਦੇਵੇਗਾ ਤੇ ਆਉਣ ਵਾਲੀਆਂ ਗੱਲਾਂ ਤੁਹਾਨੂੰ ਵਿਖਾਵੇਗਾ"। ਤੁਸੀਂ ਇਸਨੂੰ ਸਕੂਲਾਂ ਵਿੱਚ ਕਦੇ ਨਹੀਂ ਪਾਓਗੇ। ਸਮਝੇ? ਉਹ ਇਹਨਾਂ ਗੱਲਾਂ ਨੂੰ ਤੁਹਾਡੇ ਚੇਤੇ ਵਿੱਚ ਲਿਆਵੇਗਾ।

65 ਹੁਣ ਅਸੀਂ ਇਸ ਪਵਿੱਤਰ ਵਚਨ ਨੂੰ, ਯੂਹੰਨਾ 14:12 ਵਿੱਚੋਂ ਥੋੜ੍ਹਾ ਜਿਹਾ ਪੜ੍ਹਨਾ ਚਾਹੁੰਦੇ ਹਾਂ।

> *ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਉਹ ਜਿਹੜਾ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਜਿਹੜੇ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ; ਸਗੋਂ ਵੱਡੇ...*

ਜੋ ਕਿ, ਇੱਥੇ ਠੀਕ ਅਨੁਵਾਦ "ਜਿਆਦਾ" ਹੈ, ਜੇ ਤੁਸੀਂ ਇਹਨੂੰ ਵੇਖਣਾ ਚਾਹੋ ਤਾਂ।

> *...ਸਗੋਂ ਇਸ ਤੋਂ ਵੀ ਵੱਡੇ ਕੰਮ ਕਰੇਗਾ; ਕਿਉਂਕਿ ਮੈਂ ਪਿਤਾ ਕੋਲ ਜਾਂਦਾ ਹਾਂ।*

66 ਜੇ ਉਹ ਪਿਤਾ ਕੋਲ ਜਾਂਦਾ ਹੈ ਤਾਂ ਪਵਿੱਤਰ ਆਤਮਾ ਆਏਗਾ। ਕੀ ਇਹ ਠੀਕ ਹੈ? ਦੂਜੀ ਲਿਖਤ ਨੇ ਆਖਿਆ, "ਜੇ ਮੈਂ ਨਾ ਜਾਵਾਂ ਤਾਂ ਉਹ ਸਹਾਇਕ ਨਹੀਂ ਆਵੇਗਾ। ਅਤੇ ਜੇ ਮੈਂ ਜਾਵਾਂ ਤਾਂ ਮੈਂ ਫਿਰ ਆਵਾਂਗਾ ਅਤੇ ਤੁਹਾਡੇ ਨਾਲ ਰਹਾਂਗਾ ਬਲਕਿ ਤੁਹਾਡੇ ਅੰਦਰ ਰਹਾਂਗਾ"। ਵੇਖੋ, ਇਹ ਪਰਮੇਸ਼ਵਰ ਹੈ ਜੋ ਤੁਹਾਡੇ ਨਾਲ ਹੈ। ਪਹਿਲਾਂ, ਤੁਹਾਡੇ ਉੱਪਰ; ਤੁਹਾਡੇ ਨਾਲ, ਮਸੀਹ ਵਿੱਚ; ਤੁਹਾਡੇ ਅੰਦਰ, ਪਵਿੱਤਰ ਆਤਮਾ ਡੇ ਅੰਦਰ ਹੈ। ਇਹ ਪਰਮੇਸ਼ਵਰ ਹੈ ਜੋ ਤੁਹਾਡੇ ਅੰਦਰ ਹੈ।

67 ਹੁਣ, "ਜਿਹੜੇ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ," ਕੋਈ ਦੂਸਰੇ ਕੰਮ ਨਹੀਂ। ਪਰ ਖੁਦਾ ਪਵਿੱਤਰ ਆਤਮਾ ਲਿਆਉਣਾ ਚਾਹੁੰਦਾ ਹੈ, ਤੁਹਾਡੇ ਅੰਦਰ, ਕਿ ਉਹ ਉਨ੍ਹਾਂ ਹੀ ਕੰਮਾਂ ਨੂੰ ਕਰਨਾ ਲਗਾਤਾਰ ਜਾਰੀ ਰੱਖੇ ਜਿਹੜੇ ਉਹ ਮਸੀਹ ਵਿੱਚ ਕਰ ਰਿਹਾ ਸੀ।

ਇਹ ਕੰਮ ਲੂਥਰ ਦੇ ਦਿਨਾਂ ਵਿੱਚ ਜਿਆਦਾ ਜਰੂਰੀ ਨਹੀਂ ਸੀ, ਉਹੀ ਤਾਂ ਪਰਮੇਸ਼ਵਰ ਦੀ ਕਲੀਸੀਆ ਸੀ। ਇਹ ਨਹੀਂ ਸੀ...ਵੈਸਲੀ ਦੇ ਦਿਨਾਂ ਵਿੱਚ ਇਸਦੀ ਥੋੜ੍ਹੀ ਹੋਰ ਵੱਧ ਜਰੂਰਤ ਸੀ।

ਕਿਉਂਕਿ, “ਸੰਸਾਰ,” ਬਾਈਬਲ ਆਖਦੀ ਹੈ, “ਜਗਤ ਸਾਰਾ ਸਮਾਂ ਕਮਜੋਰ ਅਤੇ ਬੁੱਧੀਮਾਨ ਅਤੇ ਦੁਸ਼ਟ ਹੁੰਦਾ ਜਾ ਰਿਹਾ ਹੈ”। ਅਸੀਂ...ਸੰਸਾਰ ਹੋਰ ਜਿਆਦਾ ਦੁਸ਼ਟ ਹੁੰਦਾ ਜਾ ਰਿਹਾ ਹੈ...ਅਸੀਂ ਜਾਣਦੇ ਹਾਂ। ਕਿਉਂ, ਅੱਜ ਮਨੁੱਖ ਉਹਨਾਂ ਕੰਮਾਂ ਨੂੰ ਕਰ ਰਿਹਾ ਹੈ। ਸੌ ਸਾਲ ਪਹਿਲਾਂ ਤੁਸੀਂ ਇਹ ਸੋਚਿਆ ਵੀ ਨਾ ਹੋਵੇਗਾ। ਕਿ ਮਨੁੱਖ ਇੰਨਾਂ ਦੁਸ਼ਟ ਹੋ ਜਾਵੇਗਾ। “ਉਹ ਸਾਰਾ ਸਮਾਂ ਦੁਸ਼ਟ, ਅਤੇ ਦੁਸ਼ਟ ਇਨਸਾਨ ਹੋਰ ਦੁਸ਼ਟ ਹੁੰਦਾ ਜਾ ਰਿਹਾ ਹੈ”। ਵਚਨ ਦੱਸਦਾ ਹੈ, “ਅਤੇ ਜਿਹੜਾ ਦੁਸ਼ਟ ਹੈ ਉਹ ਹੋਰ ਦੁਸ਼ਟ ਹੋ ਜਾਵੇਗਾ”।

68 ਇਸ ਲਈ, ਪਵਿੱਤਰ ਆਤਮਾ ਅੱਗੇ ਵੱਧਦਾ ਜਾ ਰਿਹਾ ਹੈ। ਲੂਥਰ ਦੇ ਸਮੇਂ ਵਿੱਚ ਇਸਦਾ ਬਹੁਤ ਥੋੜ੍ਹਾ ਜਿਹਾ ਸਾਹ ਸੀ; ਵੈਸਲੀ ਦੇ ਸਮੇਂ ਵਿੱਚ ਇਸ ਵਿੱਚ ਥੋੜ੍ਹਾ ਜਿਹਾ ਹੋਰ ਵਾਧਾ ਆਇਆ; ਅਤੇ ਪੈਂਤੀਕਾਸਤਲ ਦੇ ਨਾਲ ਥੋੜ੍ਹਾ ਜਿਹਾ ਹੋਰ ਸਾਹ ਸੀ; ਅਤੇ ਆਤਮਾ ਦੋਨੋਂ ਹੀ ਇੱਕ ਹੋ ਗਏ ਹਨ। ਉਹ ਇੱਕ ਹੋ ਰਹੀ ਹੈ, ਉਹ ਪਵਿੱਤਰ ਆਤਮਾ ਦਾ ਉਹ ਹੀ ਸ਼ਕਤੀਸ਼ਾਲੀ ਬੁੱਲਾ ਘੱਲ ਰਿਹਾ ਹੈ, ਜਿਵੇਂ ਉਸਨੇ ਪਿਛਲੇ ਸਮਿਆਂ ਵਿੱਚ ਕੀਤਾ ਸੀ, ਉਹ ਉਹਨਾਂ ਹੀ ਕੰਮਾਂ ਦਾ ਪ੍ਰਗਟਾਵਾ ਕਰ ਰਿਹਾ ਹੈ, ਜਿਹੜੇ ਉਸਨੇ ਪਹਿਲਾਂ ਕੀਤੇ ਸਨ, ਉਹ ਹੀ ਕੰਮ ਅੱਜ ਪ੍ਰਗਟ ਹੋ ਰਹੇ ਹਨ।

69 ਧਿਆਨ ਦਿਓ ਯਿਸੂ ਨੇ ਕਿਹਾ ਸੀ। “ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਪੁੱਤਰ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ ਜਦ ਤਕ ਕਿ ਉਹ ਪਿਤਾ ਨੂੰ ਕਰਦੇ ਹੋ ਨਾ ਵੇਖ ਲਵੇ। ਜੋ ਕੁਝ ਪਿਤਾ ਕਰਦਾ ਹੈ, ਉਹ ਪੁੱਤਰ ਨੂੰ ਵਿਖਾਉਂਦਾ ਹੈ। ਪਿਤਾ ਮੇਰੇ ਵਿੱਚ ਰਹਿੰਦਾ ਹੈ; ਉਹ ਹੀ ਕੰਮ ਕਰਦਾ ਹੈ”। ਸਮਝੇ?

70 ਹੁਣ ਧਿਆਨ ਦਿਓ, ਇੱਥੇ ਇੱਕ ਹੋਰ ਗੱਲ ਹੈ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ। “ਜਿਵੇਂ” ਯਿਸੂ ਨੇ ਕਿਹਾ, “ਜਿਵੇਂ ਪਿਤਾ ਨੇ ਮੈਨੂੰ ਭੇਜਿਆ ਹੈ। ਜਿਵੇਂ,” ਧਿਆਨ ਦਿਓ, “ਜਿਵੇਂ ਪਿਤਾ ਨੇ ਮੈਨੂੰ ਭੇਜਿਆ ਹੈ, ਉਸੇ ਤਰ੍ਹਾਂ ਹੀ ਮੈਂ ਤੁਹਾਨੂੰ ਭੇਜਦਾ ਹਾਂ”। “ਜਿਵੇਂ ਪਿਤਾ ਨੇ...” ਪਿਤਾ ਨੇ ਉਸਨੂੰ ਕਿਸ ਤਰ੍ਹਾਂ ਭੇਜਿਆ ਸੀ? ਪਿਤਾ, ਜਿਹਨੇ ਉਸਨੂੰ ਭੇਜਿਆ ਸੀ, ਉਹ ਖੁਦ ਸੁਰਗ ਤੋਂ ਥੱਲੇ ਆ ਕੇ ਉਸ ਦੇ ਵਿੱਚ ਰਹਿੰਦਾ ਸੀ।

ਉਹ ਅੱਗੇ ਵੱਧਿਆ। ਉਸਨੇ ਆਖਿਆ, “ਮੈਂ ਹਮੇਸ਼ਾ ਉਹ ਹੀ ਕੰਮ ਕਰਦਾ ਹਾਂ ਜਿਹੜੇ ਮੇਰੇ ਪਿਤਾ ਨੂੰ ਚੰਗੇ ਲੱਗਦੇ ਹਨ”। ਸਮਝੇ? ਉਹ ਉਹਨਾਂ ਕੰਮਾਂ ਨੂੰ ਕਰ ਰਿਹਾ ਸੀ ਜਿਹੜੇ ਪਿਤਾ ਉਸਨੂੰ ਵਿਖਾ ਰਿਹਾ ਸੀ। “ਮੈਂ ਕੁਝ ਨਹੀਂ ਕਰਦਾ ਜਿੰਨੀ ਦੇਰ ਤਕ ਕਿ ਪਿਤਾ ਮੈਨੂੰ ਕੁਝ ਵਿਖਾ ਨਾ ਦੇਵੇ”। ਉਹ ਪਰਮੇਸ਼ਵਰ ਜਿਹਨੇ ਉਸਨੂੰ ਭੇਜਿਆ ਸੀ, ਉਸਦੇ ਅੰਦਰ ਸੀ। “ਅਤੇ ਜਿਵੇਂ ਪਿਤਾ ਨੇ ਮੈਨੂੰ ਭੇਜਿਆ ਹੈ, ਉਸੇ ਤਰ੍ਹਾਂ ਮੈਂ ਤੁਹਾਨੂੰ ਭੇਜਦਾ ਹਾਂ”। ਇਹ ਕੀ ਹੈ? ਪ੍ਰਭੂ ਤੁਹਾਡੇ

ਅੰਦਰ, ਜਾਰੀ ਰੱਖ ਰਿਹਾ ਹੈ (ਕੀ?) ਉਹ ਉਹਨਾਂ ਹੀ ਕੰਮਾਂ ਨੂੰ ਲਗਾਤਾਰ ਕਰ ਰਿਹਾ ਹੈ।

ਯਿਸੂ ਨੇ ਆਖਿਆ, "ਉਹ...ਜੋ ਮੇਰੇ ਤੇ *ਵਿਸ਼ਵਾਸ* ਕਰਦਾ ਹੈ, ਜਿਹਨਾਂ ਦੇ ਅੰਦਰ ਮੈਂ ਹਾਂ ਜਿਹਨਾਂ ਦੇ ਅੰਦਰ, ਪਵਿੱਤਰ ਆਤਮਾ ਹੈ; ਉਹ ਜਿਹੜਾ ਮੇਰੇ ਤੇ *ਵਿਸ਼ਵਾਸ* ਕਰਦਾ ਹੈ, ਉਹ ਮੇਰੇ ਜੀ ਉੱਠਣ ਦੀ ਗਵਾਹੀ ਦੇ ਚੁੱਕਾ ਹੈ, ਅਤੇ ਉਹ ਜਾਣਦਾ ਹੈ ਕਿ ਮੈਂ ਉਸਦੇ ਅੰਦਰ ਹਾਂ। ਉਹ ਜਿਹੜਾ ਮੇਰੇ ਵਿੱਚ ਹੈ; ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ"।

71 ਹੁਣ ਤੁਸੀਂ ਕਹਿੰਦੇ ਹੋ, "ਮੈਂ ਯਿਸੂ ਵਿੱਚ ਕਾਇਮ ਹਾਂ; ਪਰ ਮੈਂ ਯਕੀਨਨ ਰੱਬੀ ਚੰਗਾਈ ਤੇ ਵਿਸ਼ਵਾਸ ਨਹੀਂ ਕਰਦਾ ਹਾਂ"। ਇਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਉਹ ਤੁਹਡੇ ਵਿੱਚ ਨਹੀਂ ਹੈ।

72 "ਮੈਂ ਯਿਸੂ ਤੇ ਵਿਸ਼ਵਾਸ ਕਰਦਾ ਹਾਂ; ਇਸ ਦਿਨ ਮੈਂ ਪਵਿੱਤਰ ਆਤਮਾ ਤੇ ਵਿਸ਼ਵਾਸ ਕਰਦਾ ਹਾਂ, ਇੰਝ ਨਹੀਂ ਕਿ ਪਿਛਲੇ ਸਮਿਆਂ ਵਿੱਚ ਉਹਨਾਂ ਕੋਲ ਇਹ ਨਹੀਂ ਸੀ"। ਉਹ ਇਹ ਵਿਖਾਉਂਦਾ ਹੈ ਕਿ ਉਹ ਉੱਥੇ ਹੈ ਹੀ ਨਹੀਂ।

73 ਪਵਿੱਤਰ ਆਤਮਾ ਤਾਂ ਹਰ ਇੱਕ ਵਚਨ ਦੀ ਗਵਾਹੀ ਦੇਵੇਗਾ ਜਿਹੜਾ ਉਸਨੇ ਬੋਲਿਆ ਹੈ। ਉਹ ਝੂਠਾ ਨਹੀਂ ਹੈ। ਉਹ ਕਿਸੇ ਤੋਂ ਵੀ ਡਰਦਾ ਨਹੀਂ ਹੈ ਅਤੇ ਨਾ ਹੀ ਕਿਸੇ ਸੰਸਥਾ ਦਾ ਉਸਨੂੰ ਡਰ ਹੈ। ਉਸਨੇ ਕਿਸੇ ਦੇ ਲਈ ਵੀ ਆਪਣੇ ਵਚਨ ਨੂੰ ਨੀਵਾਂ ਨਹੀਂ ਕਰਨਾ ਹੈ। ਉਹ ਬੋਲਦਾ ਹੈ, ਅਤੇ ਫਿਰ ਉਸ ਤੇ ਅਟੱਲ ਰਹਿੰਦਾ ਹੈ।

ਜੇ ਘੁਮੰਡੀ ਬਿਗੜੇ ਹੋਏ, ਪੜ੍ਹੇ ਲਿਖੇ ਜਾਂ ਜਿਵੇਂ ਕਿ ਅਸੀਂ ਆਖਦੇ ਹਾਂ ਭ੍ਰਿਸ਼ਟ ਢੰਗ ਨਾਲ ਪੈਦਾ ਹੋਏ, ਜੇ ਉਹ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨਾ ਨਹੀਂ ਚਾਹੁੰਦੇ ਹਨ, "ਪਰਮੇਸ਼ਵਰ ਇਸ ਯੋਗ ਹੈ ਕਿ ਇਹਨਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸਕੇ"। ਉਹ ਬਦਮਾਸ਼ਾਂ, ਸ਼ਰਾਬੀਆਂ ਅਤੇ ਬਾਕੀ ਸਭਨਾਂ ਨੂੰ ਲਵੇਗਾ, ਤੇ ਖੜਾ ਕਰੇਗਾ। ਪਰਮੇਸ਼ਵਰ ਇਸ ਤਰ੍ਹਾਂ ਕਰ ਸਕਦਾ ਹੈ, ਅਤੇ ਉਹ ਇਸ ਤਰ੍ਹਾਂ ਕਰ ਰਿਹਾ ਹੈ। "ਖੁਦਾ ਇਹਨਾਂ ਪੱਥਰਾਂ ਵਿੱਚੋਂ ਅਬਰਾਹਾਮ ਦੇ ਲਈ ਸੰਤਾਨ ਪੈਦਾ ਕਰਨ ਦੇ ਯੋਗ ਹੈ"। ਕੋਈ ਇਸ ਤਰ੍ਹਾਂ ਕਰਨ ਜਾ ਰਿਹਾ ਹੈ, ਕਿਉਂਕਿ ਉਹ ਖੁਦਾ ਹੈ।

74 "ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰੇ ਵਚਨ ਤੁਹਾਡੇ ਵਿੱਚ ਰਹਿਣ, ਤਾਂ ਜੋ ਚਾਹੋ ਮੰਗੋ ਤੁਹਾਡੇ ਲਈ ਹੋ ਜਾਵੇਗਾ"। ਕਿਉਂਕਿ ਤੁਸੀਂ ਉਸਦਾ ਵਚਨ ਮੰਗ ਰਹੇ ਹੋ ਅਤੇ ਉਸਦਾ ਵਚਨ ਹੀ ਜੀਵਨ ਹੈ। ਇਸਨੂੰ ਬੋਲੋ। ਜੇ ਖੁਦਾ ਨੇ ਇਹ ਕਿਹਾ ਹੈ, ਅਤੇ ਤੁਸੀਂ ਨਿਸਚਿਤ ਹੋ ਕਿ ਉਹਨੇ ਇਹ ਆਖਿਆ ਹੈ, ਅਤੇ ਪਵਿੱਤਰ ਆਤਮਾ ਇਹ ਦੀ ਗਵਾਹੀ ਦਿੰਦਾ ਹੈ ਕਿ ਵਚਨ ਸੱਚਾ ਹੈ, ਤਾਂ, ਭਾਈਓ, ਤੁਹਾਨੂੰ

ਉਹ ਮਿਲ ਜਾਵੇਗਾ। ਤੁਸੀਂ ਇਸਨੂੰ ਬੋਲੋ; ਅਤੇ ਉਸੇ ਤਰ੍ਹਾਂ ਹੀ ਹੋ ਜਾਂਦਾ ਹੈ। "ਇਸ ਪਹਾੜ ਨੂੰ ਕਹੋ, 'ਹਟ ਜਾਹ'। ਅਤੇ ਆਪਣੇ ਦਿਲ ਵਿੱਚ ਸ਼ੱਕ ਨਾ ਕਰੋ, ਬਲਕਿ ਪ੍ਰਤੀਤ ਕਰੋ ਕਿ ਜੋ ਤੁਸੀਂ ਕਿਹਾ ਹੈ ਉਹ ਹੋ ਜਾਵੇਗਾ"। [ਭਾਈ ਬ੍ਰਾਨਹਮ ਆਪਣੇ ਹੱਥਾਂ ਨਾਲ ਤਿੰਨ ਵਾਰ ਤਾੜੀ ਵਜਾਉਂਦੇ ਹਨ-ਸੰਪਾ] ਇਹ ਤੁਸੀਂ ਨਹੀਂ ਹੋ ਜੋ ਬੋਲਦਾ ਹੈ, ਇਹ ਤਾਂ ਪਿਤਾ ਹੈ ਜੋ ਤੁਹਾਡੇ ਵਿੱਚ ਵਾਸ ਕਰਦਾ ਹੈ; ਉਹ ਹੀ ਬੋਲਦਾ ਹੈ। ਇਹ ਤੁਸੀਂ ਨਹੀਂ ਹੋ ਜੋ ਉਸ ਪਹਾੜ ਨੂੰ ਕਹਿ ਰਹੇ ਹੋ, ਬਲਕਿ ਇਹ ਤਾਂ ਪਿਤਾ ਹੈ ਜੋ ਤੁਹਾਡੇ ਅੰਦਰ ਹੈ, ਉਸ ਪਹਾੜ ਨੂੰ ਕਹਿ ਰਿਹਾ ਹੈ। ਇਹਨੂੰ ਹਿੱਲਣਾ ਹੀ ਹੈ। "ਸਾਰੇ ਅਕਾਸ਼ ਅਤੇ ਧਰਤੀ ਟਲ ਜਾਣਗੇ," ਉਸਨੇ ਕਿਹਾ, "ਪਰ ਮੇਰਾ ਆਤਮਾ ਨਹੀਂ...ਜਾਂ ਮੇਰਾ ਵਚਨ ਕਦੇ ਨਾ ਟਲੇਗਾ"। ਬਿਲਕੁਲ, ਇਸ ਟਲ ਨਹੀਂ ਸਕਦਾ। ਪਿਤਾ!

75 ਹੁਣ, "ਜਿਹੜੇ ਕੰਮ ਮੈਂ ਲਗਾਤਾਰ ਕਰਦਾ ਹਾਂ"। ਖੁਦਾ ਆਪਣੀ ਕਲੀਸੀਆ ਵਿਚ ਹੈ, ਉਹਨਾਂ ਹੀ ਕੰਮਾਂ ਨੂੰ ਜਾਰੀ ਰੱਖਣ ਲਈ। ਇਸੇ ਕਰਕੇ ਹੀ ਉਸਨੇ ਪਵਿੱਤਰ ਆਤਮਾਂ ਭੇਜਿਆ ਹੈ। ਹੁਣ, ਉਹ ਇਹ ਜਾਣਦਾ ਸੀ। ਉਹ ਜਾਣਦਾ ਸੀ ਕਿ ਇਹ ਨਹੀਂ ਹੋਵੇਗਾ। ਉਹ ਜਾਣਦਾ ਸੀ ਕਿ ਇਸ ਨੂੰ ਇਸ ਤਰੀਕੇ ਨਾਲ ਨਹੀਂ ਕੀਤਾ ਜਾ ਸਕਦਾ, ਇਹ ਕਿਸੇ ਹੋਰ ਢੰਗ ਨਾਲ ਨਹੀਂ ਹੋਵੇਗਾ ਇਸ ਲਈ ਉਸਨੇ ਉਹ ਭੇਜਿਆ। ਪਿਤਾ ਨੇ ਪੁੱਤਰ ਨੂੰ ਭੇਜਿਆ, ਜੋ ਕੁਝ ਉਸ ਵਿੱਚ ਸੀ ਉਸਨੇ ਪਾਇਆ...ਪੁੱਤਰ ਤੁਹਾਡੇ ਵਿੱਚ ਹੈ। ਜਿਹੜੇ ਕੰਮਾਂ ਨੂੰ ਯਿਸੂ ਨੇ ਕੀਤਾ ਸੀ, ਉਨ੍ਹਾਂ ਹੀ ਕੰਮਾਂ ਨੂੰ ਤੁਸੀਂ ਵੀ ਕਰੋਗੇ। ਜਿਹੜੇ ਕੰਮ ਯਿਸੂ ਨੇ ਕਿਤੇ ਸਨ ਉਹਨਾਂ ਹੀ ਕੰਮਾਂ ਨੂੰ ਖੁਦਾ ਦੀ ਸੱਚੀ ਕਲੀਸੀਆ ਵੀ ਕਰੇਗੀ।

ਕੀ ਤੁਸੀਂ ਪਰਮੇਸ਼ਵਰ ਦੇ ਕੰਮਾਂ ਨੂੰ ਕਰਨਾ ਨਹੀਂ ਚਾਹੁੰਦੇ ਹੋ? [ਸੰਗਤ ਆਖਦੀ ਹੈ, "ਆਮੀਨ"-ਸੰਪਾ] ਯਿਸੂ ਨੇ ਕਿਹਾ, "ਜੇ ਤੁਸੀਂ ਪਰਮੇਸ਼ਵਰ ਦੇ ਕੰਮਾਂ ਨੂੰ ਕਰਨਾ ਚਾਹੁੰਦੇ ਹੋ ਤਾਂ ਮੇਰੇ ਉੱਤੇ ਵਿਸ਼ਵਾਸ ਕਰੋ"। ਉਸ ਉੱਤੇ ਕਿਵੇਂ ਵਿਸ਼ਵਾਸ ਕਰਦੇ ਹੋ? ਤੁਸੀਂ ਤਦ ਤਕ ਵਿਸ਼ਵਾਸ ਨਹੀਂ ਕਰ ਸਕਦੇ ਜਦ ਤਕ ਕਿ ਤੁਹਾਨੂੰ ਪਵਿੱਤਰ ਆਤਮਾਂ ਨਹੀਂ ਮਿਲ ਜਾਂਦਾ।

76 ਕਿਉਂਕਿ, ਕੋਈ ਵੀ ਮਨੁੱਖ ਇਹ ਨਹੀ ਕਹਿ ਸਕਦਾ ਹੈ ਕਿ ਉਹ ਪਰਮੇਸ਼ਵਰ ਦਾ ਪੁੱਤਰ ਹੈ; ਤੁਸੀਂ ਤਾਂ ਬਸ ਉਹ ਕਹਿ ਰਹੇ ਹੋ ਜੋ ਕਿਸੇ ਹੋਰ ਨੇ ਕਿਹਾ ਸੀ। "ਬਾਈਬਲ ਕਹਿੰਦੀ ਹੈ ਕਿ ਉਹ ਪਰਮੇਸ਼ਵਰ ਦਾ ਪੁੱਤਰ ਹੈ; ਮੈਂ ਬਾਈਬਲ ਤੇ ਵਿਸ਼ਵਾਸ ਕਰਦਾ ਹਾਂ"। ਠੀਕ ਹੈ। "ਬਾਈਬਲ ਆਖਦੀ ਹੈ ਉਹ ਪਰਮੇਸ਼ਵਰ ਦਾ ਪੁੱਤਰ ਹੈ; ਤੇ ਮੈਂ ਬਾਈਬਲ ਤੇ ਵਿਸ਼ਵਾਸ ਕਰਦਾ ਹਾਂ। ਪਾਸਟਰ ਕਹਿੰਦਾ ਹੈ ਉਹ ਖੁਦਾ ਦਾ ਪੁੱਤਰ ਹੈ; ਤਾਂ ਮੈਂ ਪਾਸਟਰ ਤੇ ਵਿਸ਼ਵਾਸ ਕਰਦਾ ਹਾਂ। ਮੰਮੀ ਕਹਿੰਦੀ ਹੈ ਕਿ ਉਹ ਖੁਦਾ ਦਾ ਪੁੱਤਰ ਹੈ; ਮੈਂ ਮੰਮੀ ਦਾ ਵਿਸ਼ਵਾਸ

ਕਰਦਾ ਹਾਂ। ਮੇਰੇ ਦੋਸਤ ਆਖਦੇ ਹਨ ਕਿ ਉਹ ਪਰਮੇਸ਼ਵਰ ਦਾ ਪੁੱਤਰ ਹੈ; ਤੇ ਮੈਂ ਉਹਨਾਂ ਦਾ ਵਿਸ਼ਵਾਸ ਕਰਦਾ ਹਾਂ"।

ਪਰ ਇੱਕ ਹੀ ਢੰਗ ਨਾਲ ਮੈਂ ਕਹਿ ਸਕਦਾ ਹਾਂ ਕਿ ਉਹ ਪਰਮੇਸ਼ਵਰ ਦਾ ਪੁੱਤਰ ਹੈ, ਜਦ ਪਵਿੱਤਰ ਆਤਮਾ ਮੇਰੇ ਅੰਦਰ ਆ ਜਾਂਦਾ ਹੈ ਅਤੇ ਖੁਦ ਆਪਣੀ ਗਵਾਹੀ ਦਿੰਦਾ ਹੈ, ਫਿਰ ਮੈਂ ਜਾਣਦਾ ਹਾਂ ਕਿ ਉਹ ਪਰਮੇਸ਼ਵਰ ਦਾ ਪੁੱਤਰ ਹੈ। [ਭਾਈ ਬ੍ਰਾਨਹਮ ਚਾਰ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ] "ਕੋਈ ਆਦਮੀ ਯਿਸੂ ਨੂੰ 'ਮਸੀਹ' ਨਹੀਂ ਆਖ ਸਕਦਾ, ਪਰ ਪਵਿੱਤਰ ਆਤਮਾ ਦੁਆਰਾ ਹੀ ਕਹਿ ਸਕਦਾ ਹੈ"।

77 ਹੂ! ਕੋਈ ਵੀ ਆਦਮੀ ਪਰਮੇਸ਼ਵਰ ਦੇ ਆਤਮਾ ਦੁਆਰਾ ਇਹ ਨਹੀਂ ਕਹਿ ਸਕਦਾ ਹੈ ਕਿ ਯਿਸੂ ਸਰਾਪੀ ਹੈ, ਅਤੇ ਕਹੇ ਕਿ ਉਹ ਉਸ ਦਿਨ ਕੁਝ ਹੋਰ ਸੀ, ਅਤੇ ਅੱਜ ਕੁਝ ਹੋਰ ਹੈ। ਇਹ ਤਾਂ ਉਸਨੂੰ ਕਮਜੋਰ ਅਤੇ ਝੂਠਾ ਬਣਾਉਂਦਾ ਹੈ। ਨਹੀਂ ਜੀ, ਸ਼੍ਰੀਮਾਨ।

ਉਹ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਕੋਈ ਵੀ ਸੱਚਾ ਆਤਮਾ ਇਸ ਦੀ ਗਵਾਹੀ ਦੇਵੇਗਾ। ਠੀਕ ਹੈ।

78 ਹੁਣ ਉਸਨੇ ਕਿਹਾ, "ਇਹ ਕੰਮ ਜਿਹੜੇ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ"। ਯੂਹੰਨਾ 14:12, ਬਿਲਕੁਲ ਉਹ ਹੀ ਕੰਮ।

"ਓਹ" ਉਹ ਆਖਦੇ ਹਨ, "ਕਲੀਸੀਆ ਅੱਜ ਵੱਡੇ ਕੰਮ ਕਰਦੀ ਹੈ"। ਉਹ ਇਹ ਕਿਵੇਂ ਕਰਦੀ ਹੈ?

ਉਸਨੇ ਕਿਹਾ, "ਜਿਹੜੇ ਕੰਮ ਮੈਂ ਕਰਦਾ ਹਾਂ"।

"ਉਹ," ਉਹ ਕਹਿੰਦੇ ਹਨ, "ਚੰਗਾ, ਸਾਡੇ ਕੋਲ ਤਾਂ ਸਾਰੇ ਸੰਸਾਰ ਵਿੱਚ ਭੇਜਣ ਲਈ ਮਿਸ਼ਨਰੀ ਹੈ, ਇਹੋ ਹੀ ਵੱਡੇ ਕੰਮ ਹਨ"।

79 ਪਰ ਉਸਨੇ ਕਿਹਾ, "ਜਿਹੜੇ ਕੰਮ ਮੈਂ ਕਰਦਾ ਹਾਂ"। ਹੁਣ ਉਹਨਾਂ ਨੂੰ ਕਰੋ, ਉਹਨਾਂ ਨੂੰ ਪਹਿਲਾਂ ਕਰੋ, ਫਿਰ ਮਿਸ਼ਨਰੀਆਂ ਦੇ ਬਾਰੇ ਵਿੱਚ ਗੱਲ ਕਰੋ।

80 ਅੱਜ, ਕੁਝ ਸਮਾਂ ਪਹਿਲਾਂ ਮੈਂ ਇੱਥੇ ਇੱਕ ਮੁਸਲਮਾਨ ਦੇ ਬਾਰੇ ਵਿੱਚ ਕਹਿ ਰਿਹਾ ਸੀ, ਉਸਨੇ ਕਿਹਾ, "ਮੁਹੰਮਦ ਮਰਿਆ ਹੋਇਆ ਹੈ"।

"ਇਹ ਸੱਚ ਹੈ, ਉਹ ਕਬਰ ਵਿੱਚ ਹੈ, ਪਰ ਕਿਸੇ ਦਿਨ ਉਹ ਜੀ ਉੱਠੇਗਾ"। ਉਸਨੇ ਆਖਿਆ, "ਜਦ ਉਹ ਕਬਰ ਵਿੱਚ ਜੀ ਉੱਠੇਗਾ ਤਾਂ ਸਾਰੀ ਦੁਨੀਆਂ ਚੋਵੀ ਘੰਟਿਆਂ ਵਿੱਚ ਜਾਣ ਜਾਵੇਗੀ ਕਿ ਉਹ ਜੀ ਉੱਠਿਆ ਹੈ"। ਉਸਨੇ ਕਿਹਾ, "ਤੁਸੀਂ ਇਹ ਕਹਿੰਦੇ ਹੋ ਪ੍ਰਭੂ ਯਿਸੂ ਦੋ ਹਜਾਰ ਸਾਲ ਪਹਿਲਾਂ ਜੀ ਉੱਠਿਆ ਸੀ, ਅਤੇ ਅਜੇ ਤਕ ਇੱਕ ਤਿਹਾਈ ਲੋਕ ਵੀ ਇਹ ਨਹੀਂ ਜਾਣ ਸਕੇ ਹਨ"।

ਇਹ ਇਸ ਤਰ੍ਹਾਂ ਇਸ ਲਈ ਹੈ ਕਿਉਂਕਿ ਤੁਸੀਂ ਦਿਮਾਗੀ ਬੁੱਧ ਨਾਲ ਬੋਲਦੇ ਹੋ। ਤੁਸੀਂ ਇਸਨੂੰ ਸਿੱਖਿਆ ਸੰਸਥਾ ਜਾਂ ਪ੍ਰਾਪਤ ਕੀਤੇ ਗਿਆਨ ਜਾਂ ਪੜ੍ਹਾਈ ਦੇ ਆਧਾਰ ਤੇ ਕਹਿੰਦੇ ਹੋ।

ਜੇ ਪਰਮੇਸ਼ਵਰ ਦੇ ਇਹ ਵੱਡੇ ਵੱਡੇ ਗਿਰਜੇ, ਪ੍ਰੋਟੈਸਟੈਂਟ, ਕੈਥੋਲਿਕ, ਨੇ ਪਵਿੱਤਰ ਆਤਮਾ ਪ੍ਰਾਪਤ ਕਰ ਲਿਆ ਹੁੰਦਾ ਹੈ ਤਾਂ ਇਹ ਸੰਸਾਰ ਮਸੀਹਤ ਵਿੱਚ ਇੱਕ ਅਜਿਹੀ ਮਜਬੂਤੀ ਰੱਖਦਾ; ਉੱਥੇ ਕੋਈ ਸਾਮਵਾਦ ਵਰਗੀ ਕੋਈ ਚੀਜ ਨਾ ਹੁੰਦੀ, ਈਰਖਾ, ਜਾਂ ਦੁਸ਼ਮਣੀ ਕਮੀਨਾਪਣ ਜਾਂ ਵੈਰ ਵਰਗੀ ਕੋਈ ਵੀ ਚੀਜ ਨਾ ਹੁੰਦੀ। ਯਿਸੂ ਮਸੀਹ ਆਪਣੇ ਸਿੰਘਾਸਨ ਤੇ ਬੈਠਾ ਹੁੰਦਾ ਅਤੇ ਅਸੀਂ ਅਨੰਤ ਜੀਵਨ ਪਾ ਕੇ ਪਰਮੇਸ਼ਵਰ ਦੇ ਰਾਜ ਵਿੱਚ ਚੱਲ ਫਿਰ ਰਹੇ ਹੁੰਦੇ; ਅਸੀਂ ਪਹਿਲਾਂ ਹੀ ਇੱਕ ਨਵੀਂ ਦੇਹ ਵਿੱਚ ਜੀ ਉੱਠੇ ਹੁੰਦੇ, ਜੀ ਉੱਥੇ ਹੋਏ ਲੋਕ ਹੁੰਦੇ, ਜੋ ਕਦੇ ਬੁੱਢੇ ਨਾ ਹੁੰਦੇ ਕਦੇ ਚਿੱਟੇ ਵਾਲ ਨਾ ਹੁੰਦੇ, ਕਦੇ ਬਿਮਾਰ ਨਾ ਹੁੰਦੇ, ਕਦੇ ਭੁੱਖੇ ਨ ਹੁੰਦੇ; ਪ੍ਰਭੂ ਦੇ ਆਨੰਦ ਵਿੱਚ ਘੁੰਮ ਰਹੇ ਹੁੰਦੇ, ਅਤੇ ਪਸ਼ੂਆਂ ਨਾਲ ਗੱਲ ਕਰ ਰਹੇ ਹੁੰਦੇ ਅਤੇ, ਔਹ, ਉਹ ਕਿੰਨਾ ਵਧੀਆ ਦਿਨ ਹੁੰਦਾ! ਪਰ ਅਸੀਂ ਤਾਂ ਉਸ ਤੋਂ ਇਲਾਵਾ ਸਭ ਕੁਝ ਕੀਤਾ ਹੈ ਜੋ ਉਸ ਨੇ…

81 ਉਸਨੇ ਕਿਹਾ, "ਸਾਰੇ ਜਗਤ ਵਿੱਚ ਜਾਓ ਅਤੇ ਖੁਸ਼ਖਬਰੀ ਦਾ ਪ੍ਰਚਾਰ ਕਰੋ"। ਖੁਸ਼ਖਬਰੀ ਕੀ ਹੈ? "ਸਿਰਫ਼ ਵਚਨ ਹੀ ਨਹੀਂ, ਬਲਕਿ ਪਵਿੱਤਰ ਆਤਮਾ ਦੀ ਸਾਮਰਥ ਅਤੇ ਸਬੂਤ"। ਉਹ ਜਿਹੜਾ ਪਰਮੇਸ਼ਵਰ ਦੇ ਵਚਨ ਨੂੰ ਪ੍ਰਗਟ ਕਰਦਾ ਹੈ, ਖੁਸ਼ਖਬਰੀ ਹੈ।

82 ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਹੋ। ਵੇਖੋ, ਯਿਸੂ ਇਹ ਜਾਣਦਾ ਸੀ, ਕਿ ਉਸਨੇ ਆਪਣੀ ਕਲੀਸੀਆ ਵਿੱਚ ਰਹਿਣਾ ਹੈ।

ਇਸ ਲਈ, ਉਹ ਇਹ ਵੀ ਜਾਣਦਾ ਸੀ ਕਿ ਸਾਡੇ ਪੜ੍ਹਾਈ ਲਿਖਾਈ ਦੇ ਸਕੂਲ ਹੋਣਗੇ। ਅਤੇ ਤੁਹਾਨੂੰ ਇਹ ਇਹਨਾਂ ਸਥਾਨਾਂ ਵਿੱਚ ਕਦੇ ਨਹੀਂ ਮਿਲੇਗਾ। ਉਹ ਤਾਂ ਇਸਦੇ ਵਿਰੁੱਧ ਹੀ ਹੋਣਗੇ। ਕਿਉਂਕਿ, ਜੋ ਕੁਝ ਵੀ ਉਹ ਜਾਣਦੇ ਹਨ ਉਹ ਕੁਝ ਤੇਜ ਬੁੱਧੀ ਵਾਲੇ ਕੁਝ ਮਨੁੱਖਾਂ ਦਾ ਅਧਿਐਨ ਜਾਂ ਕੁਝ ਸਿਧਾਂਤਾਂ ਦੀ ਜਾਂ ਕੁਝ ਜਥੇਬੰਦੀਆਂ ਦੀ ਹੀ ਸਿੱਖਿਆ ਹੈ ਜਿਹਦੇ ਦੁਆਰਾ ਉਹ ਜਿਉਂਦੇ ਰਹਿਣਾ ਚਾਹੁੰਦੇ ਹਨ। ਸੋ, ਉਹ ਤੁਹਾਨੂੰ ਉੱਥੇ ਰੱਖ ਦੇਣਗੇ ਅਤੇ ਉਸਦੀ ਦੇਹ ਦੇ ਮੈਂਬਰ ਬਣਾਉਣਗੇ, ਅਤੇ, ਭਾਈ,

83 ਇਸ ਲਈ ਪ੍ਰਭੂ ਯਿਸੂ ਜਾਣਦਾ ਸੀ ਕਿ ਇੱਕ ਬਹੁਤ ਵੱਡਾ ਗਿਆਨ ਦਾ ਬਹਾਅ ਉਸੇ ਤਰ੍ਹਾਂ ਹੀ ਹੋਵੇਗਾ ਜਿਵੇਂ ਉਹਦੇ ਦਿਨਾਂ ਵਿੱਚ ਸੀ ਜਿਵੇਂ ਅੰਦਰੋਂ ਭਾਂਡਿਆਂ ਨੂੰ ਮਾਂਜਣਾ, ਤੇ ਕੱਪੜਿਆਂ ਦਾ ਪਾਉਣਾ, ਅਤੇ ਆਪਣੇ ਕਾਲਰਾਂ ਨੂੰ ਉੱਪਰ ਚੁੱਕਣਾ ਅਤੇ ਉਹ ਸਾਰੇ ਕੰਮ ਜਿਹੜੇ ਉਹ ਕਰਦੇ ਹਨ ਉਸੇ ਤਰ੍ਹਾਂ ਦੇ

ਹੀ ਵੱਖ ਵੱਖ ਕੰਮ ਉਹ ਕਰਨਗੇ। ਉਹ ਜਾਣਦਾ ਸੀ ਕਿ ਇਸ ਤਰ੍ਹਾਂ ਹੋਵੇਗਾ, ਇਸੇ ਲਈ ਹੀ ਉਸੇ ਨੇ ਕਿਹਾ, "ਹੁਣ ਜਰਾ ਕੁ ਇੱਕ ਪਲ ਠਹਿਰੋ। ਮੈਂ ਤੁਹਾਨੂੰ ਅਨਾਥ ਨਹੀਂ ਛੱਡਾਂਗਾ, ਮੈਂ ਫਿਰ ਵਾਪਿਸ ਆ ਰਿਹਾ ਹਾਂ ਤਾਂ ਕਿ ਤੁਹਾਡੇ ਨਾਲ ਰਹਾਂ। ਇਸੇ ਲਈ," ਉਹਨੇ ਕਿਹਾ, "ਜਿਹੜੇ ਕੰਮ ਮੈਂ ਕਰਦਾ ਹਾਂ, ਉਹ ਤੁਸੀਂ ਵੀ ਕਰੋਗੇ"।

84 ਪਰਮੇਸ਼ਵਰ ਦਾ ਪਵਿੱਤਰ ਆਤਮਾ ਭੇਜਣ ਦਾ ਉਦੇਸ਼ ਇਹੋ ਹੀ ਸੀ ਕਿ ਉਹ ਲੋਕਾਂ ਦੇ ਝੁੰਡ ਦੇ ਜਰੀਏ, ਦੁਨੀਆਂ ਉੱਤੇ ਆਪਣੇ ਆਪ ਨੂੰ ਪ੍ਰਗਟ ਕਰਨਾ ਜਾਰੀ ਰੱਖੇ। ਇਹ ਬਿਲਕੁਲ ਠੀਕ ਗੱਲ ਹੈ। ਕਿਸੇ ਮਤ ਨਾਲ ਨਹੀਂ, ਨਾ ਹੀ ਕਿਸੇ ਸੰਸਥਾ ਦੁਆਰਾ ਹੁੰਦਾ ਹੈ; ਪਰ ਉਸਦੀ ਜੀ ਉੱਠਣ ਦੀ ਸ਼ਕਤੀ ਦੇ ਦੁਆਰਾ ਹੁੰਦਾ ਹੈ, ਉਸਦੇ ਵਚਨ ਨੂੰ ਸੱਚ ਬਣਾਉਣ; ਉਹਦਿਆਂ ਵਾਇਦਿਆਂ ਨੂੰ ਕਬੂਲ ਕਰਨ, ਅਤੇ ਛੋਟੇ ਝੁੰਡ ਨਾਲ ਰਹਿਣ ਦੇ ਦੁਆਰਾ ਹੁੰਦਾ ਹੈ, ਅਤੇ ਪ੍ਰਭੂ ਤੇ ਵਿਸ਼ਵਾਸ ਕਰਨ ਦੇ ਦੁਆਰਾ; ਵੇਖੋ ਆਕਾਸ਼ ਪਿਛਾਂਹ ਹਟ ਜਾਂਦਾ ਹੈ, ਅਤੇ ਪਰਮੇਸ਼ਵਰ ਦੀ ਸਾਮਰਥ ਅੰਦਰ ਆਉਂਦੀ ਹੈ ਅਤੇ ਆਪਣਾ ਅਧਿਕਾਰ ਜਮਾਂ ਲੈਂਦੀ ਹੈ। ਆਮੀਨ। ਇਹੋ ਹੀ ਉਹ ਚੀਜ ਹੈ ਜਿਹੜੀ ਉਹ ਚਾਹੁੰਦਾ ਹੈ। ਇਸੇ ਲਈ ਉਸਨੇ ਪਵਿੱਤਰ ਆਤਮਾ ਭੇਜਿਆ। ਹੁਣ ਅਸੀਂ ਜਾਣਦੇ ਹਾਂ ਕਿ ਇਹ ਪਵਿੱਤਰ ਆਤਮਾ ਕੀ ਹੈ। ਅਤੇ ਪਰਮੇਸ਼ਵਰ ਨੇ ਇਹਨੂੰ ਕਿਉਂ ਭੇਜਿਆ ਹੈ।

85 ਇਹ ਹੀ ਕਾਰਣ ਹੈ ਕਿ ਕੋਈ ਹੋਰ ਲਹੂ ਲੋਕਾਂ ਨੂੰ ਪਵਿੱਤਰ ਨਹੀਂ ਕਰੇਗਾ। ਮੈਂ ਤੁਹਾਨੂੰ ਪਵਿੱਤਰ ਨਹੀਂ ਕਰ ਸਕਦਾ ਤੁਸੀਂ ਮੈਨੂੰ ਪਵਿੱਤਰ ਨਹੀਂ ਕਰ ਸਕਦੇ ਹੋ ਕਿਉਂਕਿ ਅਸੀਂ ਦੋਵੇਂ ਹੀ ਸੰਭੋਗ ਦੇ ਰਾਹੀਂ ਪੈਦਾ ਹੋਏ ਹਾਂ। ਪਰ ਯਿਸੂ ਦਾ ਜਨਮ ਸ਼ਰੀਰੀਕ ਇੱਛਾ ਨਾਲ ਨਹੀਂ ਸੀ ਹੋਇਆ, ਇਹ ਠੀਕ ਹੈ, ਇਸੇ ਲਈ ਉਸਦਾ ਲਹੂ ਪਵਿੱਤਰ ਸੀ। ਅਤੇ ਪਰਮੇਸ਼ਵਰ ਥੱਲੇ ਆਇਆ, ਇੱਕ ਦੇਹ ਬਣਾਈ ਅਤੇ ਉਸਦੇ ਅੰਦਰ ਵਾਸ ਕੀਤਾ। ਅਤੇ ਉਸਦਾ ਪਵਿਤ੍ਰੀਕਰਨ ਕਰਨ ਲਈ ਉਹ ਲਹੂ ਬਹਾਇਆ ਜੋ ਦੋਸ਼ ਅਤੇ ਪਾਪ ਦੀ ਸ਼ਰਮ ਨੂੰ ਪੂਰੀ ਤਰ੍ਹਾਂ ਨਾਲ ਦੂਰ ਕਰ ਦਿੰਦਾ ਹੈ। ਫਿਰ ਵਿਸ਼ਵਾਸ ਨਾਲ, ਉਸ ਉੱਤੇ ਪ੍ਰਤੀਤ ਕਰਨ ਦੇ ਰਾਹੀਂ, ਪਰਮੇਸ਼ਵਰ ਹੇਠਾਂ ਆ ਕੇ ਉਸ ਮਨੁੱਖੀ ਸ਼ਰੀਰ ਦੇ ਅੰਦਰ ਆ ਜਾਂਦਾ ਹੈ ਅਤੇ ਉਸਨੂੰ ਲਹੂ ਦੇ ਰਾਹੀਂ ਪਵਿੱਤਰ ਕਰਕੇ ਅਬਰਾਹਾਮ ਦੀ ਸੰਤਾਨ ਬਣਾਉਂਦਾ ਹੈ ਪ੍ਰਤੀਤ ਕਰਨ ਦੇ ਰਾਹੀਂ।

86 ਅਬਰਾਹਾਮ ਨੇ ਵਿਸ਼ਵਾਸ ਕੀਤਾ ਸੀ ਕਿ ਉਹ ਲਹੂ ਆਵੇਗਾ ਉਹ ਪਵਿੱਤਰ ਲਹੂ ਇੱਕ ਚਮਤਕਾਰ ਹੋਵੇਗਾ, ਜਿਵੇਂ ਉਹਦੇ ਲਹੂ ਨਾਲ ਹੋਇਆ ਸੀ ਉਹ ਤੁਰ ਕੇ ਗਿਆ ਜਦ ਕਿ "ਉਹ ਮਰਿਆ ਹੋਇਆ ਜਿਹਾ ਸੀ"। ਉਸਨੇ 25 ਸਾਲ ਤਕ ਪਰਮੇਸ਼ਵਰ ਤੇ ਵਿਸ਼ਵਾਸ ਕੀਤਾ, ਉਹ ਆਪ ਪਝੱਤਰ ਸਾਲ ਦਾ ਬੁੱਢਾ ਸੀ।

ਅਤੇ ਉਸਨੇ ਸੌ ਸਾਲ ਦੀ ਉਮਰ ਤਕ ਵਿਸ਼ਵਾਸ ਕੀਤਾ। ਅਤੇ ਸਾਰਾਹ, ਪੈਂਹਠਾ ਸਾਲਾਂ ਦੀ ਸੀ, ਉਸਨੇ ਨੱਬੇ ਸਾਲ ਦੀ ਉਮਰ ਤਕ ਨਿਹਚਾ ਕੀਤੀ। "ਅਤੇ ਉਸਦੀ ਹਾਲਤ ਮਰਿਆਂ ਜਿਹੀ ਸੀ"।

ਅਤੇ ਖੁਦਾ ਨੇ ਕਿਹਾ ਸੀ, "ਤਾਂ ਕਿ ਲੋਕ ਇਸਨੂੰ ਪਾਉਣ ਵਿੱਚ ਅਸਫਲ ਨਾ ਹੋਣਗੇ, ਤੂੰ ਉਹਨੂੰ ਪਹਾੜ ਤੇ ਲੈ ਜਾਵੀਂ ਅਤੇ ਉਸਦੀ ਕੁਰਬਾਨੀ ਕਰ ਦੇਵੀਂ"।

87 ਉਸਨੇ ਆਪਣੇ ਨੌਕਰਾਂ ਨੂੰ ਕਿਹਾ, "ਤੁਸੀਂ ਇੱਥੇ ਹੀ ਗਧੇ ਦੇ ਕੋਲ ਰੁਕੋ। ਮੈਂ ਅਤੇ ਇਹ ਮੁੰਡਾ ਉੱਥੇ ਜਾ ਕੇ ਤੇ ਮੱਥਾ ਟੇਕ ਕੇ, ਮੈਂ ਅਤੇ ਇਹ ਮੁੰਡਾ ਵਾਪਿਸ ਆ ਜਾਵਾਂਗੇ"। ਔਹ, ਉਹ ਕਿਸ ਤਰ੍ਹਾਂ ਕਿਵੇਂ ਕਰਨ ਜਾ ਰਿਹਾ ਸੀ?

ਅਬਰਾਹਾਮ ਨੇ ਕਿਹਾ, "ਮੈਂ ਇਹਨੂੰ ਆਪਣੇ ਮੁਰਦਿਆਂ ਦੀ ਹਾਲਤ ਵਿੱਚ ਪ੍ਰਾਪਤ ਕੀਤਾ ਹੈ। ਅਤੇ ਮੈਂ ਜਾਣਦਾ ਹਾਂ ਜਿਹਣੇ ਇਹਨੂੰ ਮੇਰੀ ਮੁਰਦਿਆਂ ਦੀ ਹਾਲਤ ਵਿੱਚ ਦਿੱਤਾ ਹੈ ਉਹ ਇਹਨੂੰ ਮੁਰਦਿਆਂ ਵਿੱਚੋਂ ਜੀ ਉਠਾਉਣ ਵਿੱਚ ਵੀ ਸ਼ਕਤੀਸ਼ਾਲੀ ਹੈ। ਜੇ ਮੈਂ ਬਸ ਉਹਦੇ ਵਚਨ ਦੀ ਆਗਿਆਕਾਰੀ ਕਰਾਂ। ਮੈਂ ਉਹਦੇ ਵਚਨ ਦੀ ਪਾਲਣਾ ਕਰਦਾ ਹਾਂ, ਉਹ ਇਹਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰਨ ਵਿੱਚ ਸਾਮਰਥੀ ਹੈ"।

88 ਇਹ ਪੂਰੀ ਗੱਲ ਮਸੀਹ ਦੇ ਬਾਰੇ ਵਿੱਚ ਕਹੀ ਜਾ ਰਹੀ ਸੀ! ਉਹ ਮਰਿਆਂ ਵਿੱਚੋਂ ਫਿਰ ਦੁਬਾਰਾ ਉਠਾਇਆ ਗਿਆ ਸੀ। ਅਤੇ ਉਸਦੇ ਲਹੂ ਦੇ ਦੁਆਰਾ ਹੀ ਪਵਿੱਤਰ ਆਤਮਾ ਆਇਆ ਜੋ ਕਿ ਆਪ ਉਸ ਸ਼ਰੀਰ ਵਿੱਚ ਜਿਹੜਾ ਯਿਸੂ ਅਖਵਾਉਂਦਾ ਸੀ ਵਾਸ ਕਰਦਾ ਸੀ। ਉਹ ਲਹੂ ਵਿਸ਼ਵਾਸ ਦੇ ਰਾਹੀਂ ਹੀ ਮਾਰਗ ਨੂੰ ਪਵਿੱਤਰ ਕਰਦਾ ਹੈ ਕਿ ਛੁਡਾਇਆਂ ਹੋਇਆਂ ਨੂੰ ਜਾਂ ਪਰਮੇਸ਼ਵਰ ਦੇ ਚੁਣਿਆਂ ਹੋਇਆਂ ਨੂੰ ਬੁਲਾਵੇ। ਅਤੇ ਜਦੋਂ ਤੁਸੀਂ ਉਹਨੂੰ ਕਬੂਲ ਕਰ ਲੈਂਦੇ ਹੋ, ਤਾਂ ਪਵਿੱਤਰ ਆਤਮਾ ਤੁਹਾਡੇ ਵਿੱਚੋਂ ਸਾਰੀਆਂ ਬੁਰਾਈਆਂ ਬਾਹਰ ਕੱਢ ਲੈਂਦਾ ਹੈ। ਅਤੇ ਤੁਹਾਡੇ ਵਿੱਚ ਖੁਦ ਪਰਮੇਸ਼ਵਰ ਆਪ ਤੁਰਦਾ ਫਿਰਦਾ ਹੈ ਤਾਂ ਕਿ ਉਹ ਆਪਣੀ ਮਰਜੀ ਨੂੰ ਪੂਰਾ ਕਰੇ।

89 ਉੱਥੇ ਥੱਲੇ ਚਿੜਚਿੜੇ ਸੁਭਾਅ ਦਾ ਮਾਲਕ ਹੈ, ਅਤੇ ਇਹ ਦੂਸਰਾ ਫਲਾਣਾ ਫਲਾਣਾ ਬਜੁਰਗ ਹੈ, ਉਹ ਉੱਥੇ — ਫਲਾਣਾ ਫਲਾਣਾ ਕੰਮ ਕਰ ਰਿਹਾ ਹੈ; ਅਤੇ ਇਹ ਬੁੱਢਾ ਆਦਮੀ ਇਸ ਦੇ ਵਿਰੁੱਧ ਗੱਲਾਂ ਕਰ ਰਿਹਾ ਹੈ। ਪਵਿੱਤਰ ਆਤਮਾ ਨਾਲ ਭਰਿਆ ਹੋਇਆ ਆਦਮੀ ਠੀਕ ਇਹਦੇ ਸਾਹਮਣੇ ਖੜ੍ਹਾ ਰਹੇਗਾ। ਆਮੀਨ।

90 "ਅਤੇ ਉਹਨਾਂ ਨੇ ਮਨ ਲਗਾਇਆ। ਉਹ ਅਨਪੜ੍ਹ ਅਤੇ ਅਗਿਆਨੀ ਸਨ, ਪਰ ਉਹਨਾਂ ਨੇ ਯਿਸੂ ਉੱਤੇ ਮਨ ਲਗਾਇਆ"। ਇਹ ਹੀ ਉਹ ਕੰਮ ਹੈ ਜਿਹਦੇ ਲਈ ਪਵਿੱਤਰ ਆਤਮਾ ਆਉਂਦਾ ਹੈ।

91 ਇੱਕ ਬਜੁਰਗ ਮਛੇਰਾ ਆਪਣੇ ਹਸਤਾਖਰ ਵੀ ਨਹੀਂ ਕਰ ਸਕਦਾ ਸੀ। ਪਰ ਉਹ ਖੜ੍ਹਾ ਹੋਇਆ ਅਤੇ ਉਸਨੇ ਕਿਹਾ, "ਅਸੀਂ ਮਨੁੱਖਾਂ ਦਾ ਯਕੀਨ ਕਰੀਏ, ਜਾਂ ਪਰਮੇਸ਼ਵਰ ਦਾ?" ਆਮੀਨ। [ਭਾਈ ਬ੍ਰਾਨਹਮ ਇੱਕ ਵਾਰ ਆਪਣੇ ਹੱਥਾਂ ਨਾਲ ਤਾੜੀ ਮਾਰਦੇ ਹਨ-ਸੰਪਾ] "ਤੁਸੀਂ ਇਹ ਜਾਣ ਲਓ, ਅਸੀਂ ਸੱਜੇ ਵੀ ਯਿਸੂ ਦੇ ਨਾਮ ਵਿੱਚ ਹੀ ਪ੍ਰਚਾਰ ਕਰਾਂਗੇ"। ਮੇਰੇ, ਪ੍ਰਭੂ ਕਿੰਨੀ ਬਹਾਦਰੀ ਹੈ! ਉਹ ਜਾਣਦਾ ਸੀ ਕਿ ਉਸਦਾ ਉੱਥੇ ਉੱਪਰ ਇੱਕ ਘਰ ਹੈ। ਇਹ ਠੀਕ ਹੈ। ਉਹ ਇੱਥੇ ਮੁਸਾਫਰ ਅਤੇ ਪ੍ਰਦੇਸ਼ੀ ਸੀ। ਉਹ ਆਉਣ ਵਾਲੇ ਨਗਰ ਦੀ ਖੋਜ ਵਿੱਚ ਸੀ।

ਉਹਦੇ ਲਈ ਉਹ ਪਾਖੰਡੀ ਜਾਜਕ ਕੀ ਮਾਇਨੇ ਰੱਖਦਾ ਸੀ? ਉਹ ਤਾਂ ਸੁਰਗ ਦੇ ਪਰਮੇਸ਼ਵਰ ਦੇ ਕਬਜੇ ਹੇਠਾਂ ਸੀ। ਜਿਹਣੇ ਆਪਣੇ ਪੁੱਤਰ ਮਸੀਹ ਯਿਸੂ ਨੂੰ ਜੀ ਉਠਾਇਆ ਸੀ, ਅਤੇ ਉਸਨੂੰ ਪਰਮੇਸ਼ਵਰ ਦੇ ਉਸ ਆਤਮਾ ਨਾਲ ਭਰਿਆ ਸੀ ਜਿਹਨੇ ਧਰਤੀ ਅਤੇ ਆਕਾਸ਼ ਦੀ ਰਚਨਾ ਕੀਤੀ ਸੀ। ਤੁਸੀਂ ਇਸੇ ਹੀ ਹਾਲਤ ਵਿੱਚ ਹੋ। ਪਤਰਸ ਉਸ ਤੋਂ ਡਰਦਾ ਨਹੀਂ ਸੀ। ਨਹੀਂ, ਸ਼੍ਰੀਮਾਨ। ਮੌਤ...

92 ਕਿਉਂ, ਜਦੋਂ ਇਹ ਇਸਤੀਫ਼ਾਨ ਨੂੰ ਉੱਥੇ ਬਾਹਰ ਲੈ ਗਏ, ਅਤੇ ਕਿਹਾ, "ਇਸ ਨੂੰ ਵਾਪਸ ਲੈ ਲਓ!"

ਉਸਨੇ ਕਿਹਾ, "ਹੇ ਸਖਤ, ਅਤੇ ਮਨ ਅਤੇ ਕੰਨਾਂ ਦੇ ਅਸੁਨਤੀ ਲੋਕੋ, ਤੁਸੀਂ ਸਦਾ ਪਵਿੱਤਰ ਆਤਮਾ ਦਾ ਸਾਹਮਣਾ ਕਰਦੇ ਹੋ। ਜਿਵੇਂ ਤੁਹਾਡੇ ਪਿਓ ਦਾਦਿਆਂ ਨੇ ਕੀਤਾ। ਉਸੇ ਤਰ੍ਹਾਂ ਹੀ ਤੁਸੀਂ ਕਰਦੇ ਹੋ"।

ਉਹਨਾਂ ਨੇ ਕਿਹਾ, "ਚੰਗਾ ਅਸੀਂ ਤੈਨੂੰ ਕੁੱਟ ਕੁੱਟ ਕੇ ਮਾਰ ਦਿਆਂਗੇ!"

ਉਸਨੇ ਕਿਹਾ, "ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਜੇ ਤੁਹਾਨੂੰ...?"

"ਤੈਨੂੰ ਵੇਖਾਂਗੇ ਕਿ ਅਸੀਂ ਕਰ ਸਕਦੇ ਹਾਂ ਜਾਂ ਨਹੀ!" ਉਹਨਾਂ ਨੇ ਵੱਡੇ ਵੱਡੇ ਪੱਥਰ ਚੁੱਕੇ ਅਤੇ ਉਸਦੇ ਸਿਰ ਤੇ ਮਾਰਨੇ ਸ਼ੁਰੂ ਕਰ ਦਿੱਤੇ।

93 ਉਸਨੇ ਉੱਪਰ ਵੇਖਿਆ, ਅਤੇ ਕਿਹਾ, "ਮੈਂ ਸੁਰਗ ਨੂੰ ਖੁੱਲਾ ਹੋਇਆ ਵੇਖਦਾ ਹਾਂ। ਮੈਂ ਇੱਕ ਪੌੜੀ ਨੂੰ ਥੱਲੇ ਆਉਂਦਾ ਹੋਇਆ ਵੇਖਦਾ ਹਾਂ। ਮੈਂ ਯਿਸੂ ਨੂੰ ਸਰਵਸ਼ਕਤੀਮਾਨ ਪਰਮੇਸ਼ਵਰ ਦੇ ਸੱਜੇ ਹੱਥ ਖੜੇ ਵੇਖਦਾ ਹਾਂ"। ਅਤੇ ਬਾਈਬਲ ਨੇ ਇਹ ਨਹੀਂ ਕਿਹਾ ਕਿ ਉਹ ਮਰ ਗਿਆ ਸੀ; ਪਰੰਤੂ ਉਹ ਸੌਂ ਗਿਆ ਸੀ। ਹੇ, ਮੇਰੇ ਖੁਦਾ! ਮੈਂ ਵੇਖ ਸਕਦਾ ਹਾਂ ਕਿ ਇੱਕ ਸਵਰਗਦੂਤ ਹੇਠਾਂ ਆਉਂਦਾ ਹੈ ਅਤੇ ਉਸਨੂੰ ਚੁੱਕ ਲੈਂਦਾ ਹੈ ਅਤੇ ਉਸਨੂੰ ਇੱਕ ਮਾਂ ਦੇ ਵਾਂਗੂ ਤਦ ਤਕ ਝੁਲਾਉਂਦਾ ਅਤੇ ਹਿਲਾਉਂਦਾ ਹੈ ਜਦ ਤਕ ਕਿ ਉਹ ਸੌਂ ਨਹੀਂ ਗਿਆ ਹੈ। ਹੇ ਮੇਰੇ ਪ੍ਰਭੂ! ਯਕੀਨਨ ਇਸੇ ਤਰ੍ਹਾਂ ਹੀ।

94 ਇਹੋ ਹੀ ਪਵਿੱਤਰ ਆਤਮਾ ਦਾ ਮਕਸਦ ਹੈ। ਇਸੇ ਲਈ ਹੀ ਖੁਦਾ ਨੇ ਪਵਿੱਤਰ ਆਤਮਾ ਭੇਜਿਆ ਹੈ। ਪਵਿੱਤਰ ਆਤਮਾ ਤੁਹਾਨੂੰ ਸ਼ਕਤੀ ਦੇਣ ਲਈ ਆਇਆ ਹੈ। ਮੈਨੂੰ ਇੱਥੇ ਕੁਝ ਹੋਰ ਵਚਨ ਮਿਲੇ ਹਨ, ਇੱਕ ਮਿੰਟ। ਪਵਿੱਤਰ ਆਤਮਾ ਤੁਹਾਨੂੰ ਸ਼ਕਤੀ ਦੇਣ ਲਈ ਆਇਆ ਹੈ। ਮੈਂ-ਮੈਂ ਨਹੀਂ...ਤੁਸੀਂ ਇਸਨੂੰ ਲੱਭ ਸਕਦੇ ਹੋ; ਅੱਜ ਰਾਤ, ਮੈਂ ਬਹੁਤ ਅੱਗੇ ਨਿਕਲ ਗਿਆ ਹਾਂ।

ਉਹ ਤੁਹਾਨੂੰ ਸ਼ਕਤੀ ਦਿੰਦਾ ਹੈ, ਪ੍ਰਾਰਥਨਾ ਵਿੱਚ ਸ਼ਕਤੀ!

95 ਤੁਸੀਂ ਇੱਕ ਆਦਮੀ ਨੂੰ ਲਓ ਜਿਹੜਾ ਇੱਕ ਵਧੀਆ ਜੀਵਨ ਜਿਉਂਦਾ ਹੈ, ਪਰ ਉਹ ਹਮੇਸ਼ਾ ਹਾਰੇ ਹਨ। "ਔਹ, ਮੈਂ ਤੁਹਾਨੂੰ ਦੱਸਦਾ ਹਾਂ..." ਚੰਗਾ ਆਦਮੀ, "ਔਹ, ਮੈਂ ਸੱਚ ਮੁੱਚ ਪ੍ਰਭੂ ਨੂੰ ਪਿਆਰ ਕਰਦਾ ਹਾਂ, ਭਾਈ ਬ੍ਰਾਨਹਮ"। ਉਹ ਹਮੇਸ਼ਾ ਹਾਰੇ ਹਨ, ਉਹਨਾਂ ਨੂੰ ਕਦੇ ਵੀ ਦੁਆਵਾਂ ਦਾ ਜਵਾਬ ਨਹੀਂ ਮਿਲਿਆ।

ਤੁਸੀਂ ਉਸ ਛੋਟੀ ਔਰਤ ਨੂੰ ਪਵਿੱਤਰ ਆਤਮਾ ਨਾਲ ਭਰ ਦਿਓ, ਅਤੇ ਫਿਰ ਵੇਖੋ ਕਿ ਹੁੰਦਾ ਹੈ। ਜਦ ਉਹ ਖੁਦਾ ਦੇ ਸਨਮੁਖ ਜਾਂਦੀ ਹੈ ਤਾਂ ਉਹ ਹਾਰਦੀ ਨਹੀਂ ਹੈ। ਉਹ ਦਲੇਰੀ ਨਾਲ ਵਿਸ਼ਵਾਸ ਕਰਦੀ ਹੋਈ, ਪਰਮੇਸ਼ਵਰ ਦੇ ਸਿੰਘਾਸਨ ਦੇ ਅੱਗੇ ਆਉਂਦੀ ਹੈ। ਉਸਦੇ ਕੋਲ ਅਧਿਕਾਰ ਹੈ ਕਿਉਂਕਿ ਉਹ ਜਨਮ ਲੈਣ ਦੇ ਰਾਹੀਂ ਪਰਮੇਸ਼ਵਰ ਦੀ ਪੁੱਤਰੀ ਬਣੀ ਹੈ।

ਉਸ ਛੋਟੇ ਆਦਮੀ ਨੂੰ ਲਓ, ਜੋ ਬਹੁਤ ਹੀ ਡਰਪੋਕ ਹੈ, ਜਿਸਨੂੰ ਮਾਲਕ ਇੱਥੇ ਉੱਪਰ ਸੁੱਟਦਾ ਫਿਰਦਾ ਹੈ। ਉਹ ਕਹਿੰਦਾ, "ਹੁਣ, ਇੱਥੇ ਇੱਕ ਮਿੰਟ ਰੁਕੋ"। ਵੇਖੋ ਉਸਨੂੰ ਕਿਸੇ ਨੇ ਬਦਲ ਦਿੱਤਾ ਹੈ, ਉਸਨੇ ਪਵਿੱਤਰ ਆਤਮਾ ਪਾਇਆ ਹੈ। ਇਹ ਤੁਹਾਨੂੰ ਸ਼ਕਤੀ ਦਿੰਦਾ ਹੈ। ਤੁਹਾਡਾ ਜੀਵਨ ਸ਼ਕਤੀ ਨਾਲ ਭਰ ਜਾਂਦਾ ਹੈ।

ਇਹ ਤੁਹਾਨੂੰ ਬੋਲਣ ਦੀ ਸ਼ਕਤੀ ਦਿੰਦਾ ਹੈ।

96 ਕਿਉਂ, ਉਨ੍ਹਾਂ ਲੋਕਾਂ ਨੂੰ ਪਤਰਸ, ਯਾਕੂਬ ਯੂਹੰਨਾ ਅਤੇ ਉਹਨਾਂ ਬਾਕੀ ਦਿਆਂ ਨੂੰ ਵੇਖੋ ਜਿਹਦੇ ਕਿਸੇ ਵੇਲੇ ਡਰਦੇ ਹਨ; ਉਹ ਉੱਥੇ ਉੱਪਰ ਕੋਠਰੀ ਵਿੱਚ ਸਨ, ਅਤੇ ਕਹਿ ਰਹੇ ਸਨ, "ਔਹ, ਅਸੀਂ ਹੋਰ ਕੁਝ ਨਹੀਂ ਕਰ ਸਕਦੇ ਹਾਂ। ਉਹਨਾਂ ਨੂੰ ਉੱਥੇ ਵੇਖੋ, ਉਹ ਤਾਂ ਫਲਾਣਾ ਫਲਾਣਾ ਰੱਬੀ ਹੈ। ਤੁਸੀਂ ਜਾਣਦੇ ਹੋ ਕਿ ਉਹਦੇ ਕੋਲ ਬਾਈਬਲ ਕਾਲਜ ਦੀਆਂ ਚਾਰ ਡਿਗਰੀਆਂ ਹਨ। ਉਸਦੇ ਵਿਰੁੱਧ ਅਸੀਂ ਕਿਵੇਂ ਕਦੇ ਖੜ੍ਹੇ ਰਹਿ ਸਕਦੇ ਹਾਂ?" ਪਤਰਸ ਨੇ ਕਿਹਾ, "ਔਹ, ਮੈਨੂੰ ਯਾਦ ਹੈ ਕਿ ਇੱਕ ਦਿਨ ਮੈਂ ਉਸ ਮਨੁੱਖ ਨੂੰ ਮੱਛੀਆਂ ਵੇਚ ਰਿਹਾ ਸੀ। ਉਹ, ਉਹ ਬੋਲਿਆ ਅਤੇ ਮੈਂ ਨਹੀਂ ਜਾਣਦਾ ਸੀ ਕਿ ਉਹ ਕੀ ਕਹਿ ਰਿਹਾ ਹੈ? ਔਹ ਮੈਂ ਉਹਦੇ ਸਾਹਮਣੇ ਕਦੇ ਵੀ ਖੜ੍ਹਾ ਨਹੀਂ ਹੋ ਸਕਦਾ ਹਾਂ"। ਪਰੰਤੂ ਕੀ...

"ਅਸੀਂ ਕੀ ਕਰ ਸਕਦੇ ਹਾਂ, ਭਾਈਓ?"

"ਉਹਨੇ ਕਿਹਾ, 'ਉਡੀਕ ਕਰੋ'"।

"ਚੰਗਾ, ਸਾਨੂੰ ਇੱਥੇ ਉਡੀਕਦਿਆਂ ਚਾਰ ਦਿਨ ਹੋ ਗਏ ਹਨ"। "ਬਸ ਉਡੀਕ ਕਰਦੇ ਰਹੋ"।

"ਕਦ ਤਕ?"

"ਜਦ ਤਕ"।

"ਚੰਗਾ, ਕੀ ਉਸਨੇ ਕਿਹਾ ਸੀ ਕਿ ਇਹ ਪੰਜਵੇਂ ਦਿਨ ਹੋਵੇਗਾ?"

"ਉਸਨੇ ਕਦੇ ਨਹੀਂ ਕਿਹਾ ਕਿ ਕਿੰਨੀ ਦੇਰ। ਉਸਨੇ ਕਿਹਾ, 'ਜਦ ਤਕ'"।

ਚੰਗਾ, ਬਸ ਉਹ ਉਡੀਕ ਕਰਦਾ ਰਹੇ। ਕਿੰਨੀ ਦੇਰ ਤਕ? "ਜਦ ਤਕ"। ਅੱਠ ਦਿਨ ਗੁਜਰ ਗਏ। "ਜਦ ਤਕ" ਨੌ ਦਿਨ ਗੁਜਰ ਗਏ। "ਜਦ ਤਕ"

*ਅਤੇ ਪੈਂਤੀਕੁਸੱਤ ਦਾ ਦਿਨ ਆਇਆ ਉਹ ਸਭ ਇੱਕ ਥਾਂ, ਇੱਕ ਮਨ ਹੋ ਕੇ ਇਕੱਠੇ ਹੋਏ ਸਨ।*

97 ਪਰਮੇਸ਼ਵਰ ਉਹਨਾਂ ਉੱਪਰ ਅੱਗ ਦੇ ਬਦਲ ਵਿੱਚ ਸੀ; ਪਰਮੇਸ਼ਵਰ ਉਹਨਾਂ ਨਾਲ ਜਮੀਨ ਉੱਪਰ ਚਲਿਆ ਫਿਰਿਆ, ਹੁਣ ਕੁਝ ਹੋਰ ਹੋਣ ਜਾ ਰਿਹਾ ਹੈ। ਕੁਝ ਵਾਪਰਨ ਜਾ ਰਿਹਾ ਸੀ।

*...ਉਹ ਸਭ ਇੱਕ ਥਾਂ ਇਕੱਠੇ ਸਨ।*

*ਅਤੇ ਅਚਾਨਕ ਆਕਾਸ਼ ਤੋਂ ਇੱਕ ਗੂੰਜ ਆਈ, ਜਿਵੇਂ ਵੱਡੀ ਹਨੇਰੀ ਦੇ ਵਗਣ ਦੀ ਹੁੰਦੀ ਹੈ। ਅਤੇ ਉਸ ਨਾਲ ਸਾਰਾ ਘਰ ਜਿੱਥੇ ਉਹ ਬੈਠੇ ਸਨ ਭਰ ਗਿਆ।*

*ਅੱਗ ਜਿਹੀਆਂ ਜੀਭਾਂ...ਉਹਨਾਂ ਵਿੱਚੋਂ ਹਰੇਕ...ਉੱਤੇ ਠਹਿਰੀਆਂ।*

ਅੱਗ ਦੀਆਂ ਜੀਭਾਂ ਕੀ ਹਨ? "ਵੱਖਰੀਆਂ ਵੱਖਰੀਆਂ ਹੁੰਦੀਆਂ"। ਉਹ ਥਿਰਕਦੇ ਹੋਏ ਬੁੱਲਾਂ ਨਾਲ ਬੋਲ ਰਹੇ ਸਨ, ਕੀ ਤੁਸੀਂ ਕਿਸੇ ਨੂੰ ਥਿਰਕਦੇ ਹੋਏ ਬੁੱਲਾਂ ਨਾਲ ਬੋਲਦੇ ਹੋਏ ਵੇਖਿਆ ਹੈ? ਉਹ ਗਏ, "ਔਹ, ਉਹ ਉ ਉਹ" ਵੇਖੋ, ਉਹ ਕੁਝ ਨਹੀਂ ਕਹਿ ਸਕਦੇ ਸਨ। "ਵੱਖਰੀਆਂ ਵੱਖਰੀਆਂ ਹੁੰਦੀਆਂ"। ਜਿਵੇਂ ਫੱਟੇ ਹੋਏ ਖੁਰ, ਜਿਹਦਾ ਅਰਥ ਹੈ ਕਿ "ਕੋਈ ਚੀਜ ਫੱਟ ਕੇ ਵੱਖ ਹੋ ਰਹੀ ਹੈ"। ਉਹ ਬੋਲ ਨਹੀਂ ਰਹੇ ਸਨ। ਉਹ ਬੁੜ ਬੂੜਾ ਨਹੀਂ ਰਹੇ ਸਨ। ਉਹ ਕੁਝ ਵੀ ਨਹੀਂ ਕਰ ਰਹੇ ਸਨ ਬਸ ਰੌਲਾ ਪਾ ਰਹੇ ਸਨ।

*...ਅੱਗ ਜਿਹੀਆਂ ਜੀਭਾਂ ਉਹਨਾਂ ਵਿੱਚੋਂ ਹਰੇਕ ਤੇ ਆ ਠਹਿਰੀਆਂ।*
(ਉਹ ਆਪਣੇ ਉੱਤੇ ਕਾਬੂ ਨਾ ਰੱਖ ਸਕੇ!)

*ਤਦ ਉਹ ਸਭ ਪਵਿੱਤਰ ਆਤਮਾ ਨਾਲ ਭਰ ਗਏ…ਵਾਹ!*

98 ਇਸ ਤੋਂ ਬਾਅਦ ਕੀ ਹੋਇਆ? ਉਹ ਬਾਹਰ ਗਲੀਆਂ ਵਿੱਚ ਨਿਕਲ ਆਏ। "ਉਹ ਰੱਬੀ ਜੋਂਸ ਕਿੱਥੇ ਹਨ? ਉਹ ਆਦਮੀ ਕਿੱਥੇ ਹੈ? ਉਹ ਦਿਮਾਗੀ ਬੁੱਧ ਵਾਲਾ ਦੈਂਤ ਕਿੱਥੇ ਹੈ?"

"ਪਰਮੇਸ਼ਵਰ ਸਾਡੇ ਉੱਪਰ ਸੀ, ਬਲਦੀ ਹੋਈ ਝਾੜੀ ਵਿੱਚ ਉਹ ਮੂਸਾ ਦੇ ਨਾਲ ਸੀ; ਉਸਨੇ ਸਵਰਗ ਵਿੱਚੋਂ ਸਾਨੂੰ ਮੰਨਾਂ ਖਿਲਾਇਆ, ਉਹ ਸਾਡੇ ਨਾਲ ਤਿੰਨ ਸਾਲ ਤੇ ਛੇ…ਤਿੰਨ ਸਾਲ ਤੇ ਛੇ ਮਹੀਨੇ ਸਾਡੇ ਨਾਲ ਧਰਤੀ ਤੇ ਰਿਹਾ। ਪਰ ਹੁਣ ਉਹ ਮੇਰੇ ਅੰਦਰ ਹੈ। ਇਹ ਮੈਂ ਨਹੀਂ ਹਾਂ ਜੋ ਬੋਲਦਾ ਹਾਂ; ਪਰ ਇਹ ਉਹ ਹੈ ਜੋ ਮੇਰੇ ਵਿੱਚ ਬੋਲਦਾ ਹੈ। ਮੈਂ ਜਾਣਦਾ ਹਾਂ ਕਿ ਉਹ ਕੌਣ ਹੈ। ਇਹ ਮੈਂ ਨਹੀਂ ਹਾਂ; ਬਲਕਿ ਇਹ ਤਾਂ ਉਹ ਹੈ"।

ਉਸਨੂੰ ਇੱਥੇ ਉੱਪਰ ਲੈ ਕੇ ਆਓ! *ਹੇ ਯਹੂਦਿਓ ਅਤੇ…ਯਰੂਸ਼ਲਮ ਦੇ ਸਭ ਰਹਿਣ ਵਾਲਿਓ। ਇਹ ਜਾਣ ਲਓ ਅਤੇ ਕੰਨ ਲਾ ਕੇ ਮੇਰੀਆਂ ਗੱਲਾਂ ਸੁਣੋ। ਤੁਸੀਂ ਸਭ ਪਰਚਾਰਕੋਂ ਅਤੇ ਰਬੀਓ।*

ਵਾਹ! ਮੇਰੇ! ਬੋਲਣ ਦੀ ਸ਼ਕਤੀ! ਔਹ! "ਇਹ ਸਭ ਨਸ਼ੇ ਵਿੱਚ ਨਹੀਂ ਹੈਂ!" ਉਹ ਛੋਟਾ ਜਿਹਾ ਝੁੰਡ, ਜੋ ਇੱਕ ਸੌ ਵੀਹਾਂ ਦਾ ਸੀ, ਦੱਸ ਹਜਾਰ ਜਾਂ ਉਸ ਤੋਂ ਵੱਧ ਦੇ ਵਿਰੁੱਧ ਖੜ੍ਹਾ ਹੁੰਦਾ ਹੈ।

*…ਇਹ ਜਿਵੇਂ ਤੁਸੀਂ ਸਮਝਦੇ ਹੋ, ਇਹ ਨਸ਼ੇ ਵਿੱਚ ਨਹੀਂ ਹਨ। ਕਿਉਂ ਜੋ ਅਜੇ ਪਹਿਰ ਦਿਨ ਚੜ੍ਹਿਆ ਹੈ।*

ਮੈਂ ਤਾਂ ਫੁੱਲ ਗੋਸਪਿਲ ਪ੍ਰਚਾਰਕ ਹਾਂ। ਪਰ ਇਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜੁਬਾਨੀ ਕਹੀ ਗਈ ਸੀ;

*…ਪਰਮੇਸ਼ਵਰ ਆਖਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਇਉਂ ਹੋਵੇਗਾ। ਜੋ ਮੈਂ ਆਪਣੇ…ਆਤਮਾ ਵਿੱਚੋਂ ਸਾਰੇ ਸ਼ਰੀਰਾਂ ਉੱਤੇ ਵਹਾ ਦਿਆਂਗਾ: ਅਤੇ ਤੁਹਾਡੇ…* ਤੁਸੀਂ ਉੱਥੇ ਮਰੀਅਮ ਨੂੰ ਆਤਮਾ ਵਿੱਚ ਨੱਚਦੇ ਹੋਏ, ਪਰਾਈ ਭਾਖਿਆ ਬੋਲਦੇ ਹੋਏ, ਅਤੇ ਇਸੇ ਤਰ੍ਹਾਂ ਦੇ ਕੰਮ ਕਰਦੇ ਹੋਏ ਵੇਖਿਆ…*ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸ਼ਰੀਰਾਂ ਉੱਤੇ ਵਹਾ ਦਿਆਂਗਾ:…*

*…ਮੈਂ ਆਪਣੇ ਦਾਸ ਅਤੇ ਦਾਸੀਆਂ ਉੱਤੇ…ਅਪਣਾ ਆਤਮਾ ਵਹਾ ਦਿਆਂਗਾ;…*

[ਭਾਈ ਬ੍ਰਾਨਹਮ ਆਪਣੇ ਹੱਥਾਂ ਨਾਲ ਤਾੜੀ ਮਾਰਦੇ ਹਨ-ਸੰਪਾ]

*...ਮੈਂ ਉਤਾਂਹ ਆਕਾਸ਼ ਵਿੱਚ ਅਚੰਭੇ, ਅਤੇ...ਹੇਠਾਂ ਧਰਤੀ ਉੱਤੇ ਨਿਸ਼ਾਨ...ਅੱਗ ਦੇ ਖੰਭੇ, ਅਤੇ ਧੂੰਏ ਦੇ ਬਦਲ ਵਿਖਾਵਾਂਗਾ:*

ਤਦ ਪਰਮੇਸ਼ਵਰ ਆਪਣੇ ਲੋਕਾਂ ਵਿੱਚ ਸੀ। ਆਮੀਨ।

"ਅੱਛਾ, ਹੁਣ, ਤੇਰੇ ਕੋਲ ਕਿਹੜੀ ਡਿਗਰੀ ਹੈ? ਕਿਥੋਂ ਅਤੇ ਕਿਹੜੇ ਸਕੂਲ ਵਿੱਚੋਂ ਤੁਸੀਂ ਆਏ ਹੋ?"

99 "ਹੁਣ ਇਹਦੇ ਨਾਲ ਕੋਈ ਵੀ ਫਰਕ ਨਹੀਂ ਪੈਂਦਾ ਹੈ"। ਔਹ, ਉਹਨੇ ਵਚਨ ਦੀਆਂ ਲਿਖਤਾਂ ਦੇਣੀਆਂ ਸ਼ੁਰੂ ਕੀਤੀਆਂ।

*ਦਾਊਦ ਨੇ ਉਹਨੂੰ ਪਹਿਲਾਂ ਹੀ ਵੇਖ ਲਿਆ ਸੀ! ...ਮੈਂ ਪ੍ਰਭੂ ਨੂੰ ਆਪਣੇ ਸਨਮੁਖ ਸਦਾ ਵੇਖਿਆ...ਮੈਂ ਨਾ ਡੋਲਾਂਗਾ:*

*...ਇਸ ਕਰਕੇ ਮੇਰਾ ਦਿਲ ਆਨੰਦ ਹੋਇਆ। ਕਿਉਂਕਿ...ਮੇਰੀ ਜੀਭ ਨਿਹਾਲ ਹੋਈ:*

*...ਤੂੰ ਮੇਰੀ ਜਾਨ ਨੂੰ ਪਤਾਲ ਵਿੱਚ ਨਾ ਛਡੇਂਗਾ, ਨਾ ਹੀ ਆਪਣੇ ਪਵਿੱਤਰ ਪੁਰਖ ਨੂੰ ਗਲਣ ਦੇਵੇਂਗਾ*

*...ਮੈਂ ਘਰਾਣੇ ਦੇ ਸਰਦਾਰ ਦਾਊਦ ਦੇ ਵਿਖੇ ਤੁਹਾਨੂੰ ਬੇਧੜਕ ਕਹਿ ਸਕਦਾ ਹਾਂ,...ਭਈ ਉਹ ਤਾਂ ਮੋਇਆ ਅਤੇ ਦੱਬਿਆ ਵੀ ਗਿਆ, ਅਤੇ ਉਹ ਦੀ ਕਬਰ ਅੱਜ ਤੀਕਰ ਸਾਡੇ ਵਿੱਚ...ਹੈ।*

*ਪਰ ਨਬੀ ਦੇ ਦੁਆਰਾ...ਉਸਨੇ ਉਸ ਧਰਤੀ ਨੂੰ ਆਉਣ ਤੋਂ ਪਹਿਲਾਂ ਹੀ ਵੇਖ ਲਿਆ ਸੀ।*

*...ਤੁਸੀਂ ਸਾਰੇ ਪੱਕਾ ਜਾਣ ਲਓ, ਇਸੇ ਯਿਸੂ ਨੂੰ ਜਿਹਨੂੰ ਤੁਸੀਂ ਸਲੀਬ ਤੇ ਚੜ੍ਹਾਇਆ ਪਰਮੇਸ਼ਵਰ ਨੇ ਉਸਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ। ਆਮੀਨ!*

100 "ਹੇ ਮਨੁੱਖੋਂ ਅਤੇ ਭਾਈਓ ਅਸੀਂ ਬਚਾਓ ਲਈ ਕੀ ਕਰੀਏ?"

*...ਕਿਹਾ, ਤੌਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤੀਸਮਾਂ ਲਵੇ, ਅਤੇ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ।*

*ਕਿਉਂਕਿ ਇਹ ਕਰਾਰ ਤੁਹਾਡੇ ਅਤੇ ਤੁਹਾਡੇ ਬਾਲਕਾਂ ਦੇ ਨਾਲ ਹੈ। ਅਤੇ ਉਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੂ ਸਾਡਾ ਪਰਮੇਸ਼ਵਰ ਆਪਣੇ ਕੋਲ ਬੁਲਾਵੇ।* ਆਮੀਨ।

101 ਜਦ ਤਕ ਖੁਦਾ ਦੇ ਲੋਕ ਹਨ, ਖੁਦਾ ਦੇ ਕੋਲ ਉਸਦੀ ਆਪਣੀ ਕਲੀਸੀਆ ਹੈ ਅਤੇ ਉਸਦਾ ਪਵਿੱਤਰ ਆਤਮਾ ਉਸਦੇ ਨਾਲ ਅੱਗੇ ਵੱਧਦਾ ਹੈ। ਇਹੀ ਕਾਰਣ

ਹੈ ਜਿਸ ਕਰਕੇ ਖੁਦਾ ਨੇ ਅਪਣਾ ਪਵਿੱਤਰ ਆਤਮਾ ਦਿੱਤਾ ਹੈ। ਬੁੱਧੀ ਨਾਲ ਭਰੇ ਹੋਏ; ਲੋਕ ਉਠਣਗੇ ਅਤੇ ਹਮੇਸ਼ਾ ਉਠਦੇ ਰਹਿਣਗੇ। ਖੁਦਾ ਦਾ ਛੋਟਾ ਜਿਹਾ ਝੁੰਡ ਕਿਤੇ ਨਾ ਕਿਤੇ ਹੁੰਦਾ ਹੈ। ਕਿਤੇ ਨ ਕਿਤੇ ਖੁਦਾ ਦੀ ਛੋਟੀ ਕਲੀਸੀਆ ਹੁੰਦੀ ਹੈ ਜਿਹਦੇ ਨਾਲ ਪਾਕ ਰੂਹ ਅੱਗੇ ਵੱਧਦਾ ਹੈ। ਅਤੇ ਉਹ ਕਲੀਸੀਆ ਇਸ ਗੱਲ ਦਾ ਦਾਅਵਾ ਕਰਦੀ ਹੈ ਕਿ ਉਸਦੇ ਕੋਲ ਸਚਿ ਰੋਸ਼ਨੀ ਹੈ। ਅਤੇ ਇਹੋ ਹੀ ਉਹ ਲੋਕ ਹੋਣਗੇ। ਜਿਹੜੇ ਆਪਣੀ ਗਵਾਹੀ ਨਾਲ ਦੁਨੀਆਂ ਦਾ ਨਿਆਂ ਕਰਨਗੇ।

ਕੀ ਬਾਈਬਲ ਨੇ ਨਹੀਂ ਆਖਿਆ, "ਧੰਨ ਉਹ ਹਨ ਜੋ ਮਨ ਦੇ ਗਰੀਬ ਹਨ; ਉਹ ਪਰਮੇਸ਼ਵਰ ਨੂੰ ਵੇਖਣਗੇ?" ਕੀ ਇਹ ਵੀ ਨਹੀਂ ਕਿਹਾ ਗਿਆ, ਕਿ, "ਧਰਮੀ ਅਤੇ ਸੰਤ ਧਰਤੀ ਦਾ ਨਿਆਂ ਕਰਨਗੇ?" [ਸੰਗਤ ਆਖਦੀ ਹੈ, "ਆਮੀਨ"-ਸੰਪਾ]

ਅੱਜ ਦੀ ਤੁਹਾਡੀ ਗਵਾਹੀ ਇਸ ਸ਼ਹਿਰ ਦੇ ਵਿਰੁੱਧ ਨਿਆਂ ਲੈ ਕੇ ਆਵੇਗੀ। ਪਵਿੱਤਰ ਆਤਮਾ ਦਾ ਬਪਤੀਸਮਾਂ ਅਤੇ ਪਰਮੇਸ਼ਵਰ ਦੀ ਸਾਮਰਥ ਅਤੇ ਸਾਡੇ ਪਵਿੱਤਰ ਜੀਵਨ ਦੀ ਗਵਾਹੀ ਇਸ ਸ਼ਹਿਰ ਦੇ ਵਿਰੁੱਧ ਨਿਆਂ ਲਿਆਵੇਗੀ। ਜਦੋਂ ਇਹ...

102 "ਤਦ ਜਿਹੜੇ ਪਹਿਲੇ ਹਨ ਪਿਛਲੇ ਕੀਤੇ ਜਾਣਗੇ; ਉਹ ਜਿਹੜੇ ਪਿਛਲੇ ਹਨ ਪਹਿਲੇ ਕੀਤੇ ਜਾਣਗੇ"। ਮੈਂ ਸੈਕੀ ਅਤੇ ਮੂੜੀ ਦੇ ਜੀ ਉੱਠਣ ਬਾਰੇ ਕੁਝ ਨਹੀਂ ਜਾਣ ਪਾਵਾਂਗਾ, ਅਤੇ ਉਹ ਮੇਰੇ ਇਸ ਜੀ ਉੱਠਣ ਬਾਰੇ ਕੁਝ ਨਹੀਂ ਜਾਨਣਗੇ। ਪਰ ਮੈਂ ਇਸ ਵਿੱਚ, ਆਪਣੀ ਗਵਾਹੀ ਦੇ ਰਾਹੀਂ ਖੜ੍ਹਾ ਹੋਵਾਂਗਾ; ਠੀਕ ਇਸੇ ਹੀ ਤਰ੍ਹਾਂ ਤੁਸੀਂ ਹੋਵੋਂਗੇ।

ਅਤੇ ਉਸ ਦੁਆਰਾ, ਆਪਣੇ ਚਾਨਣ ਨੂੰ ਫੈਲਾਉਣ ਰਾਹੀਂ ਅਤੇ ਪਵਿੱਤਰ ਆਤਮਾ ਦੇ ਬਪਤੀਸਮੇ ਅਤੇ ਜੀਵਨ ਦੇ ਦੁਆਰਾ ਜਿਹੜਾ ਤੁਸੀਂ ਜੀ ਰਹੇ ਹੋ ਕਿ ਉਹ ਇੱਥੇ ਚੱਲ ਫਿਰ ਰਿਹਾ ਹੈ। ਤੁਸੀਂ ਇਸ ਸ਼ਹਿਰ ਉੱਤੇ ਨਿਆਂ ਲਿਆਉਗੇ; ਅਤੇ ਬੁੱਧੀਮਾਨ ਅਤੇ ਸਮਝ ਦੇ ਕਾਰਨ, ਇਸ ਤੋਂ ਦੂਰ ਚਲੇ ਜਾਂਦੇ ਹਨ; ਅਤੇ ਉਹਨਾਂ ਦਾ ਨਿਆਂ ਸੰਤ ਕਰਨਗੇ। ਉਹਨਾਂ ਦਾ ਨਿਆਂ ਤਾਂ ਪਹਿਲਾਂ ਹੀ ਹੋ ਚੁੱਕਾ ਹੈ। ਉਹ ਤਾਂ ਪਹਿਲਾਂ ਹੀ ਇਹਦੇ ਵਿੱਚੋਂ ਦੀ ਲੰਘ ਚੁੱਕੇ ਹਨ। ਹੇ, ਮੇਰੇ ਪ੍ਰਭੂ!

103 ਮੈਂ ਦੁਆ ਕਰਨ ਦੀ ਸ਼ਕਤੀ ਬੋਲਣ ਦੀ ਸ਼ਕਤੀ, ਪਵਿੱਤਰਤਾਈ ਵਾਲਾ ਜੀਵਨ ਜਿਊਣ ਦੀ ਸ਼ਕਤੀ ਤੇ ਬੋਲ ਰਿਹਾ ਸੀ। ਆਮੀਨ। ਇਹੀ ਪਵਿੱਤਰ ਆਤਮਾ ਨੇ ਕਰਨਾ ਹੈ।

104 ਤੁਹਾਡੇ ਵਿੱਚੋਂ ਕੁਝ ਲੋਕ ਚੱਲਦੇ ਹੋਏ ਕਹਿੰਦੇ ਹਨ, "ਅੱਛਾ, ਮੈਂ ਬਸ ਸ਼ਰਾਬ ਪੀਣੀ ਨਹੀਂ ਛੱਡ ਸਕਦਾ। ਮੈਂ ਬਸ *ਇਹ ਕਰਨਾ ਬੰਦ* ਨਹੀਂ ਕਰ ਸਕਦਾ ਹਾਂ"।

ਪਵਿੱਤਰ ਆਤਮਾ ਤੁਹਾਡੇ ਵਿੱਚ ਵਸਣ ਲਈ ਆਉਂਦਾ ਹੈ, ਤਾਂ ਕਿ ਤੁਹਾਡੇ ਵਿੱਚੋਂ "ਨਹੀਂ ਕਰ ਸਕਦਾ" ਨੂੰ ਦੂਰ ਕਰ ਸਕੇ। ਇਹ ਠੀਕ ਹੈ। ਔਰਤਾਂ ਨੂੰ ਛੋਟੇ ਕੱਪੜੇ ਪਹਿਨਣੇ ਬੰਦ ਕਰਵਾ ਦਿੰਦਾ ਹੈ, ਵਾਲ ਕੱਟਣੇ ਬੰਦ ਕਰਾ ਦਿੰਦਾ ਹੈ। ਕੋਈ ਬਹਾਨਾ ਨਹੀਂ ਹੁੰਦਾ ਹੈ। ਉਹ ਉਹਨਾਂ ਦੀਆਂ ਫਾਲਤੂ ਦੀਆਂ ਗੱਪਾਂ ਬੰਦ ਕਰਵਾ ਦਿੰਦਾ ਹੈ। ਔਹ, ਹਾਂ, ਇਸੇ ਤਰ੍ਹਾਂ ਹੀ ਇਹ ਹੈ ਤਾਂ ਕਿ ਤੁਹਾਡੇ ਜੀਵਨ ਨੂੰ ਪਵਿੱਤਰ ਬਣਾਏ। ਇਹ ਤਾਂ ਹਰ ਵਾਰ ਬਾਈਬਲ ਦੀਆਂ ਹਦਾਇਤਾਂ ਨੂੰ ਹੀ ਮੰਨੇਗਾ।

105 ਇੱਕ ਔਰਤ ਕਹਿੰਦੀ ਹੈ, "ਬਹੁਤ ਹੀ ਗਰਮੀ ਹੈ; ਇਸੇ ਲਈ ਬਸ ਇਸ ਤਰ੍ਹਾਂ ਦੇ ਕੱਪੜੇ ਪਾਉਣੇ ਪਏ। ਜੇ ਮੈਂ ਆਪਣੇ ਵਾਲਾਂ ਨੂੰ ਵਧਾਉਂਦੀ ਹਾਂ ਤਾਂ ਮੇਰੇ ਵਾਲਾਂ ਵਿੱਚ ਬੜੀ ਪੀੜ ਹੁੰਦੀ ਹੈ"।

ਪਰ ਪਵਿੱਤਰ ਆਤਮਾ ਦੇ ਨਾਲ ਕੋਈ ਬਾਹਾਨਾ ਨਹੀਂ ਚੱਲਦਾ। ਪਵਿੱਤਰ ਆਤਮਾ ਤਾਂ ਇਸੇ ਤਰ੍ਹਾਂ ਕਰਵਾਉਣ ਦੇ ਲਈ ਹੁੰਦਾ ਹੈ। ਇਹ ਵਚਨ ਨੂੰ ਬਿਲਕੁਲ ਉਸੇ ਤਰ੍ਹਾਂ ਹੀ ਮੰਨੇਗਾ। ਇਹੋ ਕਰਨ ਲਈ ਹੀ ਪਵਿੱਤਰ ਆਤਮਾ ਹੈ।

ਇਹ ਤੁਹਾਡਾ ਆਦਮੀਆਂ ਦਾ ਮੂੰਹ ਉਹਨਾਂ ਅੱਧ ਨੰਗੀਆਂ ਤੀਵੀਆਂ ਵੱਲੋਂ ਫਿਰਵਾ ਦਿੰਦਾ ਹੈ, ਅਤੇ ਉਹਨਾਂ ਦੇ ਲਈ ਬੁਰੀ ਇੱਛਾ ਛੁਡਵਾ ਦਿੰਦਾ ਹੈ, ਅਤੇ ਕਲੀਸੀਆ ਦੇ ਬਸ ਮੈਂਬਰ ਬਣਨੇ ਬੰਦ ਕਰਵਾ ਦਿੰਦਾ ਹੈ। ਇਹੋ ਹੀ ਕਰਨ ਲਈ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ।

106 ਇਹ ਤੁਹਾਡੇ ਕੋਲੋਂ ਸ਼ਰਾਬ ਅਤੇ ਬੀੜੀਆਂ ਸਿਗਰਟਾਂ ਪੀਣਾ ਛੁਡਵਾ ਦਿੰਦਾ ਹੈ...ਇਹ ਤੁਹਾਡੇ ਵਿੱਚੋਂ ਇਹਨਾਂ ਚੀਜਾਂ ਨੂੰ ਬਾਹਰ ਕੱਢ ਦਿੰਦਾ ਹੈ। ਇਹ ਤੁਹਾਨੂੰ ਦੀਨ ਬਣਾ ਦਿੰਦਾ ਹੈ, ਜਦ ਤੁਸੀਂ ਉਹ ਕਰਦੇ ਹੋ। ਇਸੇ ਲਈ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ। ਇਹ ਪਵਿੱਤਰ ਜੀਵਨ ਜਿਉਨ ਲਈ ਹੈ। ਇਹ ਠੀਕ ਹੈ। ਇਹ ਤੁਹਾਡੀਆਂ ਗੱਪਾਂ ਛੁਡਵਾ ਦਿੰਦਾ ਹੈ। ਇਹ ਤੁਹਾਡਾ ਤਾਸ਼ ਖੇਡਣਾ, ਨਿਸ਼ਾਨੇ ਲਾਉਣਾ ਅਤੇ ਇਸੇ ਤਰ੍ਹਾਂ ਦੇ ਹੋਏ ਦੂਜੇ ਕੰਮ ਜਿਹਨਾਂ ਨੂੰ ਤੁਸੀਂ ਨੁੱਕਰਾਂ ਵਿੱਚ ਇੱਧਰ ਉਧਰ ਕਰਦੇ ਫਿਰਦੇ ਹੋ ਛੁਡਵਾ ਦਿੰਦਾ ਹੈ।

ਇਹ ਤੁਹਾਨੂੰ ਜੋ ਤੁਸੀਂ ਕਰਦੇ ਆ ਰਹੇ ਹੋ ਉਹ ਕਰਨ ਤੋਂ ਰੋਕੇਗਾ, ਆਪਣੀ ਪਤਨੀ ਨਾਲ ਸੱਚੇ ਨਾ ਬਣੇ ਰਹਿਣਾ। ਉਹੀ ਸਭ ਉਹ ਕਰੇਗਾ। ਉਹ ਸਹੀ ਹੈ। ਇਹ ਤੁਹਾਨੂੰ ਦੂਸਰੇ ਦੀ ਪਤਨੀ ਨਾਲ ਵਿਆਹ ਕਰਨ ਤੋਂ ਰੋਕੇਗਾ। ਜੋ ਬਿਲਕੁਲ ਠੀਕ ਹੈ।

ਇਸੇ ਲਈ ਇਹ ਹੈ। ਇਹ ਤੁਹਾਡਾ ਜੀਵਨ ਪਵਿੱਤਰਤਾਈ ਨਾਲ ਬਣਾਉਣ ਦੇ ਲਈ ਹੈ। ਪਵਿੱਤਰ ਆਤਮਾ ਇਸੇ ਲਈ ਹੈ ਕਿ ਤੁਹਾਨੂੰ ਸ਼ਕਤੀ ਦੇਵੇ, "ਕਿ ਤੁਸੀਂ ਅਪਣਾ ਪਿਆਰ ਉਪਰਲੀਆਂ ਚੀਜਾਂ ਤੇ ਲਾ ਸਕੋ," ਜਿੱਥੇ ਖੁਦਾ ਖੜ੍ਹਾ

ਹੁੰਦਾ ਹੈ...?...ਮਸੀਹ ਦਾ ਸੁਭਾਅ ਤੁਹਾਡੇ ਵਿੱਚ ਹੈ। ਤੁਸੀਂ ਉਹਨਾਂ ਚੀਜਾਂ ਨੂੰ ਵੇਖਣ ਵਿੱਚ ਆਪਣੀ ਸਹਾਇਤਾ ਨਹੀਂ ਕਰ ਸਕਦੇ ਹੋ; ਜਦ ਤੁਸੀਂ ਉਹਨਾਂ ਚੀਜਾਂ ਨੂੰ ਵੇਖਦੇ ਹੋ ਤੁਸੀਂ ਅਪਣਾ ਸਿਰ ਫੇਰ ਲੈਂਦੇ ਹੋ। ਇਹ ਠੀਕ ਹੈ। ਪਵਿੱਤਰ ਆਤਮਾ ਇਸ ਤਰ੍ਹਾਂ ਦੇ ਬਣਾਉਣ ਲਈ ਹੈ।

107 ਤੁਸੀਂ ਕਹਿੰਦੇ ਹੋ, "ਮੈਂ ਇਹ ਨਹੀਂ ਕਰ ਸਕਦਾ ਹਾਂ। ਔਹ, ਮੈਂ ਬਸ ਇਹੀ ਨਹੀਂ ਕਰ ਸਕਦਾ ਹਾਂ"। ਬਿਲਕੁਲ, *ਤੁਸੀਂ* ਨਹੀਂ ਕਰ ਸਕਦੇ ਹੋ।

ਪਰ ਪਵਿੱਤਰ ਆਤਮਾ ਇਸੇ ਮਕਸਦ ਲਈ ਆਉਂਦਾ ਹੈ। ਇਹੋ ਹੀ ਇਸਨੇ ਕੀਤਾ ਹੈ। ਇਹ ਤੁਹਾਡੇ ਵਿੱਚੋਂ ਉਹਨਾਂ ਸਾਰੀਆਂ ਪੁਰਾਣੀਆਂ ਆਦਤਾਂ ਨੂੰ ਅਤੇ ਇਸੇ ਤਰ੍ਹਾਂ ਦੀਆਂ ਗੱਲਾਂ ਨੂੰ ਬਾਹਰ ਕੱਢਣ ਲਈ ਆਉਂਦਾ ਹੈ।

ਉਹਨਾਂ ਪੁਰਾਣੀਆਂ ਚੁਗਲੀਆਂ ਨੂੰ ਜਿਹਦੇ ਰਾਹੀਂ ਤੁਸੀਂ ਆਪਣੇ ਆਪ ਨੂੰ ਅਲੱਗ ਕਰ ਰੱਖਿਆ ਹੈ ਕਿ "ਪਰਮੇਸ਼ਵਰ ਦਾ ਨਾਮ ਮੁਬਾਰਕ ਹੋਵੇ, ਮੈਂ ਮੈਥੋਡਿਸਟ ਹਾਂ, ਮੈਨੂੰ ਉਨ੍ਹਾਂ ਪੁਰਾਣੇ ਪਖੰਡੀਆਂ ਨਾਲ ਕੋਈ ਮਤਲਬ ਨਹੀਂ ਹੈ"। ਪਵਿੱਤਰ ਆਤਮਾ ਤੁਹਾਡੇ ਵਿੱਚੋਂ ਇਸ ਚੀਜ ਨੂੰ ਬਾਹਰ ਕੱਢਣ ਲਈ ਆਉਂਦਾ ਹੈ।

108 "ਮੈਂ ਬੇਪਟਿਸਟ ਹਾਂ। ਮੈਂ ਪ੍ਰੇਸਬੀਟੇਰਿਅਨ ਹਾਂ। ਮੈਂ ਉਹਨਾਂ ਪੁਰਾਣੇ ਪਾਖੰਡੀਆਂ ਦੇ ਝੁੰਡ ਕੋਲ ਨਹੀਂ ਜਾਵਾਂਗਾ"। ਪਵਿੱਤਰ ਆਤਮਾ ਤੁਹਾਡੇ ਵਿੱਚੋਂ ਇਸ ਤਰ੍ਹਾਂ ਦੀ ਆਕੜ ਨੂੰ ਬਾਹਰ ਕੱਢਣ ਆਉਂਦਾ ਹੈ। ਇਹੋ ਹੀ ਇਸਨੇ ਕੀਤਾ ਸੀ। ਇਹ ਤੁਹਾਨੂੰ ਮਸੀਹ ਦੇ ਲਹੂ ਵਿੱਚ ਧੋ ਦਿੰਦਾ ਹੈ। ਅਤੇ ਤੁਹਾਡੇ ਵਿੱਚੋਂ ਸਾਰੀ ਆਕੜ ਬਾਹਰ ਕੱਢ ਦਿੰਦਾ ਹੈ।

ਇਹ ਸਿੱਧੇ ਕਰਦਾ ਹੈ। ਉਸਨੇ ਕਿਹਾ, "ਵੀਂਗੇ ਟੇਡੇ ਰਸਤਿਆਂ ਨੂੰ ਠੀਕ ਕਰੋ"। ਇਹੋ ਕਰਨ ਲਈ ਹੀ ਇਹ ਆਉਂਦਾ ਹੈ; ਸਿੱਧਾ ਕਰਨ। "ਜੋ ਉੱਚਾ ਹੈ ਉਸਨੂੰ ਨੀਵਾਂ ਕਰੋ; ਅਤੇ ਸਾਰੇ ਪਹਾੜਾਂ ਨੂੰ ਇਸ ਤਰ੍ਹਾਂ ਕਰ ਦਿਓ ਕਿ ਮੰਨੋ ਉਹ ਛੋਟੇ ਭੇਡੂ ਨਾਚ ਕਰ ਰਹੇ ਹੋਣ, ਅਤੇ ਸਾਰੇ ਪੱਤੇ ਤੁਹਾਡੇ ਲਈ ਤਾੜੀ ਵਜਾਉਣ"। [ਭਾਈ ਬਰਨਹਮ ਦੋਨੋਂ ਹੱਥਾਂ ਨਾਲ ਚਾਰ ਵਾਰ ਤਾੜੀ ਵਜਾਉਂਦੇ ਹਨ—ਸੰਪਾ] ਚਿੜੀਆਂ ਵੱਖਰਾ ਗਾਉਂਦੀਆਂ ਹਨ। ਖੁਸ਼ੀ ਦੀਆਂ ਟੱਲੀਆਂ ਵਜ ਰਹੀਆਂ ਹਨ। ਕੋਈ ਬਹਾਨਾ ਨਹੀਂ ਹੈ। ਇਹੋ ਹੀ ਹੈ ਜੋ ਪਵਿੱਤਰ ਆਤਮਾ ਕਰਨ ਲਈ ਆਉਂਦਾ ਹੈ। ਪਰਮੇਸ਼ਵਰ ਕਿਸੇ ਮਕਸਦ ਨਾਲ ਪਵਿੱਤਰ ਆਤਮਾਂ ਭੇਜ ਰਿਹਾ ਹੈ। ਤਾਂ ਕਿ ਤੁਸੀਂ ਇਹਨਾਂ ਕੰਮਾਂ ਨੂੰ ਕਰੋ ਕਿ ਤੁਸੀਂ ਕਰੋ...ਤੁਸੀਂ ਉਸਦੀ ਅਗੁਵਾਈ ਵਿੱਚ ਚਲੋ।

109 ਹੁਣ ਮੈਂ ਤੁਹਾਨੂੰ ਦੁਖ ਨਹੀਂ ਪਹੁੰਚਾਉਣਾ ਚਾਹੁੰਦਾ ਹਾਂ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਬੜੀ ਹੀ ਨਿਸ਼ਠਾ ਨਾਲ ਇੱਥੇ ਹਾਂ। ਕਦੇ ਕਦਾਈ ਮੈਂ ਰੇਖਾ

ਤੋਂ ਕਿਤੇ ਲਾਂਭੇ ਜਾਂਦਾ ਹਾਂ ਤਾਂ ਕਿ ਇਹ ਤੁਹਾਨੂੰ ਨਾ ਚੁੱਭੇ; ਪਰ ਮੈਂ ਇਸ ਸੱਚਾਈ ਤੇ ਖੜ੍ਹਾ ਰਹਿ ਕੇ ਇਸ ਨੂੰ ਇਸ ਢੰਗ ਨਾਲ ਕਹਿੰਦਾ ਹਾਂ ਕਿ ਇਹ ਤੁਹਾਨੂੰ ਬਹੁਤ ਜਿਆਦਾ ਨਾ ਚੁੱਭੇ।

110 ਪਰ ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ, ਜੇ ਬਾਈਬਲ ਆਖਦੀ ਹੈ ਕਿ ਔਰਤ ਨੂੰ ਵਾਲ ਕੱਟਣੇ ਗਲਤ ਹਨ ਤਾਂ ਤੁਸੀਂ ਆਖਦਿਆਂ ਹੋ ਕਿ ਤੁਹਾਡੇ ਕੋਲ ਪਵਿੱਤਰ ਆਤਮਾ ਹੈ ਤੇ ਫਿਰ ਤੁਸੀਂ ਵਾਲ ਕਟਾਉਂਦੀਆਂ ਹੋ ਤਾਂ ਮੈਂ ਹੈਰਾਨ ਹਾਂ ਕਿ ਤੁਹਾਡੇ ਕੋਲ ਪਵਿੱਤਰ ਆਤਮਾ ਹੈ। ਤੁਸੀਂ ਮੂਰਖ ਨਾ ਬਣੋ; ਜੇ ਤੁਸੀਂ ਇਸ ਤਰ੍ਹਾਂ ਕਰਦੀਆਂ ਹੋ ਤਾਂ ਇਸ ਤੋਂ ਤਾਂ ਇਹ ਹੀ ਸਾਹਮਣੇ ਆਉਂਦਾ ਹੈ ਕਿ ਤੁਹਾਡੇ ਉੱਤੇ ਕੋਈ ਹੋਰ ਮੋਹਰ ਹੈ।

111 ਜੇ ਬਾਈਬਲ ਕਹਿੰਦੀ ਹੈ ਕਿ ਔਰਤਾਂ ਲਈ ਮਰਦਾ ਦੇ ਕੱਪੜੇ ਪਾਉਣੇ ਗਲਤ ਹਨ ਅਤੇ ਫਿਰ ਵੀ ਤੁਸੀਂ ਇਹਨਾਂ ਛੋਟੇ ਕੱਪੜਿਆਂ ਅਤੇ ਪਜਾਮਿਆਂ ਨੂੰ ਪਾ ਕੇ ਸੜਕਾਂ ਤੇ ਇੱਧਰ ਉਧਰ ਘੁੰਮਦੀਆਂ ਫਿਰਦੀਆਂ ਹੋ! ਅਨੁਮਾਨ ਲਾਓ ਕਿ ਇੱਕ ਛੋਟੀ ਲੜਕੀ ਹੋਵੇਗੀ...ਜੋ ਛੋਟੇ ਮੁੰਡਿਆਂ ਦੇ ਨਾਲ ਖੇਡਦੀ ਹੈ ਅਤੇ ਬਾਕੀ ਸਭ ਕੁਝ ਕਰਦੀ ਹੈ। ਪਰ, ਵੇਖੋ, ਜਦ ਤੁਸੀਂ ਵੱਡੀਆਂ ਹੋ ਜਾਂਦੀਆਂ ਹੋ, ਪੰਦਰਾਂ ਸੌਲਾਂ ਅਠਾਰਾਂ ਸਾਲਾਂ ਦੀ ਔਰਤ ਤੋਂ ਲੈ ਕੇ ਬੁੱਧੀ ਦਾਦੀ ਮਾਂ ਤਕ ਇਸ ਤਰ੍ਹਾਂ ਦੇ ਕੱਪੜੇ ਪ ਕੇ ਸੜਕਾਂ ਤੇ ਘੁੰਮਦੀਆਂ ਫਿਰਦੀਆਂ ਹੋ, ਅਤੇ ਬਾਈਬਲ ਆਖਦੀ ਹੈ, “ਇਹ ਪਰਮੇਸ਼ਵਰ ਦੀ ਨਿਗਾਹ ਵਿੱਚ ਘਿਨਾਉਣਾ ਹੈ” ਕਿ ਔਰਤ ਇਸ ਤਰ੍ਹਾਂ ਦੇ ਕੱਪੜੇ ਪਹਿਨੇ। ਅਤੇ ਫਿਰ ਵੀ ਤੁਸੀਂ ਕਿਵੇਂ ਨਾ ਕਿਵੇਂ ਇਸ ਤਰ੍ਹਾਂ ਦੇ ਕੱਪੜੇ ਪਹਿਨਦੀਆਂ ਹੋ। ਅਤੇ ਫਿਰ ਵੀ ਤੁਸੀਂ ਆਖਦੀਆਂ ਹੋ ਕਿ ਤੁਸੀਂ ਪਵਿੱਤਰ ਆਤਮਾ ਪਾਇਆ ਹੋਇਆ ਹੈ? ਮੈਨੂੰ ਕਦੇ ਕਦੇ ਹੈਰਾਨੀ ਹੁੰਦੀ ਹੈ। ਪਵਿੱਤਰ ਆਤਮਾ ਤਾਂ ਸ਼ਬਦ ਦਰ ਸ਼ਬਦ ਵਚਨ ਦੀ ਪਾਲਣਾ ਕਰੇਗਾ।

ਅਤੇ ਇੱਕ ਪ੍ਰਚਾਰਕ ਜੋ ਪੁਲਪਿਤ ਦੇ ਪਿੱਛੇ ਖੜ੍ਹਾ ਹੈ ਉਹਦੇ ਕੋਲ ਇਹ ਪ੍ਰਚਾਰ ਕਰਨ ਦੀ ਕਿਰਪਾ ਨਹੀਂ ਹੈ ਮੈਨੂੰ ਸ਼ੱਕ ਹੈ ਕਿ ਉਸ ਪ੍ਰਚਾਰਕ ਦੇ ਕੋਲ ਪਵਿੱਤਰ ਆਤਮਾ ਹੈ ਜਾਂ ਨਹੀਂ। ਇਹ ਬਿਲਕੁਲ ਠੀਕ ਇੰਝ ਹੀ ਹੈ! ਚੰਗਾ, ਇਹੋ ਹੀ ਜਿਹਦੇ ਲਈ ਪਵਿੱਤਰ ਆਤਮਾ ਹੁੰਦਾ ਹੈ।

112 ਇਹ ਪ੍ਰਚਾਰ ਕਰਨ ਵਾਲੇ ਨੂੰ ਮਸਹ ਦੇਣ ਲਈ ਹੁੰਦਾ ਹੈ। ਇਹ ਉਸ ਝੁੰਡ ਨੂੰ ਪਵਿੱਤਰ ਜੀਵਨ ਦੇਣ ਲਈ ਹੁੰਦਾ ਹੈ। ਇਹ ਆਤਮਾ ਦੀ ਏਕਤਾ ਲਈ ਹੁੰਦਾ ਹੈ। ਇਹ ਸਾਨੂੰ ਪਰਮੇਸ਼ਵਰ ਦੀ ਸਮਰੱਥ ਵਿੱਚ ਇਕੱਠੇ ਕਰਨ ਲਈ ਹੁੰਦਾ ਹੈ। ਇਹ ਸਾਨੂੰ ਭਾਈਚਾਰੇ ਦੇ ਪਿਆਰ ਵਿੱਚ ਇੱਕ ਥਾਂ ਬੰਨਣ ਲਈ ਹੁੰਦਾ ਹੈ।

ਮੈਂ ਇਹਦੀ ਪਰਵਾਹ ਨਹੀਂ ਕਰਦਾ ਹਾਂ, ਭਾਵੇਂ ਤੁਸੀਂ ਬੇਪਟਿਸਟ ਹੋ ਜਾਂ ਮੇਥੋਡਿਸਟ ਹੋ, ਭਾਵੇਂ ਲੂਥਰਨ ਹੋ ਤੁਸੀਂ ਜੋ ਕੁਝ ਵੀ ਹੋਵੋ ਜੇ ਅਸੀਂ ਸਭਨਾਂ ਨੇ ਇੱਕ ਹੀ ਪਵਿੱਤਰ ਆਤਮਾ ਦੇ ਰਾਹੀਂ ਇੱਕ ਹੀ ਦੇਹ ਵਿੱਚ ਬਪਤੀਸਮਾ ਲਿਆ ਹੈ। ਤਾਂ ਅਸੀਂ ਯਿਸੂ ਮਸੀਹ ਦੇ ਦੇਹ ਦੇ ਅੰਗ ਬਣ ਗਏ ਤਾਂ ਫਿਰ ਇਸ ਤਰ੍ਹਾਂ ਨਹੀਂ ਹੋ ਸਕਦਾ ਹੈ। ਨਾ ਹੀ...ਨਾ ਵਰਤਮਾਨ ਵਿੱਚ ਕੁਝ ਇਸ ਤਰ੍ਹਾਂ ਹੈ ਨਾ ਭਵਿੱਖ ਵਿੱਚ ਕੁਝ ਅਜਿਹਾ ਹੈ। ਨਾ ਭੁੱਖ ਨਾ ਮਰੀ; ਕੋਈ ਵੀ ਚੀਜ ਸਾਨੂੰ, "ਯਿਸੂ ਮਸੀਹ ਦੇ ਪਿਆਰ" ਤੋਂ ਪਰਮੇਸ਼ਵਰ ਦੇ ਉਸ ਪਿਆਰ ਤੋਂ ਅਲੱਗ ਨਹੀਂ ਕਰ ਸਕਦੀ ਹੈ, ਕਿਉਂਕਿ ਅਸੀਂ ਉਸੇ ਦੇ ਆਤਮੇ ਨਾਲ ਜਨਮ ਲਿਆ ਹੈ ਅਤੇ ਉਸੇ ਦੇ ਲਹੂ ਰਾਹੀਂ ਅਸੀਂ ਧੋਤੇ ਗਏ ਹਾਂ। ਅਸੀਂ ਨਵੀਂ ਰਚਨਾ ਹਾਂ। ਇਹੋ ਕਰਨ ਲਈ ਪਰਮੇਸ਼ਵਰ ਆਇਆ ਸੀ। ਇਸੇ ਕਰਕੇ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ। ਜੀ ਹਾਂ ਸ਼੍ਰੀਮਾਨ। ਇਸੇ ਹੀ ਕਾਰਣ ਪਵਿੱਤਰ ਆਤਮਾ ਹੈ।

113 ਹੁਣ, ਲੋਕੋ, ਮੈਨੂੰ ਵੇਖੋ। ਜਦੋਂ ਪੁੱਛਿਆ ਜਾਂਦਾ ਹੈ ਕਿ ਤੁਸੀਂ ਪਵਿੱਤਰ ਆਤਮਾ ਪਾਇਆ ਤਾਂ ਬਹੁਤ ਸਾਰੇ ਹੱਥ ਉੱਪਰ ਉਠ ਜਾਂਦੇ ਹਨ ਬਿਲਕੁੱਲ ਇਸੇ ਤਰ੍ਹਾਂ ਹੀ ਹੁੰਦਾ ਹੈ; ਵੇਖਿਆ, ਔਹ ਹੁਣ ਮੈਂ ਇੱਥੇ ਕੁਝ ਗੱਲਾਂ ਨੂੰ ਛੱਡ ਦੇਣਾ ਚਾਹੁੰਦਾ ਹਾਂ। ਇਹ ਟੇਪ ਦੇ ਵਿੱਚ ਰਿਕਾਰਡ ਹੋ ਰਿਹਾ ਹੈ। ਪਰ ਕਲ ਰਾਤ ਅਸੀਂ ਇਹਦੇ ਉੱਤੇ ਕੁਝ ਹੋਰ ਗੱਲਾਂ ਵੇਖਾਂਗੇ।

ਜੇ ਤੁਸੀਂ ਆਖਦੇ ਹੋ ਕਿ ਤੁਹਾਡੇ ਕੋਲ ਪਵਿੱਤਰ ਆਤਮਾ ਹੈ ਅਤੇ ਫਿਰ ਵੀ ਤੁਸੀਂ ਇਹਨਾਂ ਗੱਲਾਂ ਵਿੱਚ ਦੋਸ਼ੀ ਹੋ ਤਾਂ ਮੈਨੂੰ ਹੈਰਾਨੀ ਹੁੰਦੀ ਹੈ ਕਿ ਤੁਹਾਡੀ ਅਗੁਵਾਈ ਕੌਣ ਕਰ ਰਿਹਾ ਹੈ। ਪਰਮੇਸ਼ਵਰ ਕਦੇ ਵੀ ਤੁਹਾਡੀ ਅਗੁਵਾਈ ਆਪਣੇ ਵਚਨ ਤੋਂ ਲਾਂਭੇ ਹੋ ਕੇ ਨਹੀਂ ਕਰੇਗਾ। ਉਹ ਤੁਹਾਨੂੰ ਤਾਂ ਵਚਨ ਦੇ ਉੱਤੇ ਹੀ ਰੱਖੇਗਾ ਕਿਉਂਕਿ ਇਹ ਤਾਂ ਉਸਦੀ ਆਪਣੀ ਕਲੀਸੀਆ ਦੇ ਲਈ, ਆਪਣੇ ਲੋਕਾਂ ਲਈ, ਆਦਮੀ ਅਤੇ ਔਰਤਾਂ ਲਈ, ਉਸਦੀ ਆਪਣੀ ਬਿਵਸਥਾ ਜਾਂ ਨਿਯਮ ਹੈ।

114 "ਚੰਗਾ" ਤੁਸੀਂ ਕਹਿੰਦੇ ਹੋ, "*ਇਹ* ਜਾਂ *ਉਹ* ਕਰਨ ਨਾਲ ਮੇਰਾ ਨੁਕਸਾਨ ਨਹੀਂ ਹੁੰਦਾ ਹੈ"। ਕੀ ਇਹਦੇ ਨਾਲ਼ ਨਹੀਂ ਹੁੰਦਾ ਹੈ?

ਵਚਨ ਆਖਦਾ ਹੈ ਕਿ ਇਹਦਾ ਨਾਲ ਹੁੰਦਾ ਹੈ, ਜੇ ਤੁਹਾਡੇ ਵਿੱਚ ਪਵਿੱਤਰ ਆਤਮਾ ਹੈ ਤਾਂ ਉਹ ਤੁਹਾਡੀ ਅਗੁਵਾਈ ਵਚਨ ਵੱਲ ਕਰੇਗਾ। ਕੋਈ ਵੀ ਬਹਾਨਾ ਨਹੀਂ ਹੋਵੇਗਾ। ਖੁਦਾ ਕੋਈ ਵੀ ਤਬਦੀਲੀ ਜਾਂ ਬਹਾਨਾ ਨਹੀਂ ਕਰਦਾ ਹੈ। ਉਹ ਤਾਂ ਇੱਕ ਨਿਸ਼ਾਨ ਬਣਾਉਂਦਾ ਹੈ। ਤੇ ਤੁਸੀਂ ਉਸ ਤਕ ਪਹੁੰਚਦੇ ਹੋ। ਬਸ ਇਹੋ ਹੀ ਗੱਲ ਹੈ। ਇਹੋ ਹੀ ਹੈ ਜੋ ਸਾਰਿਆਂ ਨਾਲ ਹੁੰਦਾ ਹੈ। ਤੁਸੀਂ ਇੱਕ ਹੀ ਰਸਤੇ ਰਾਹੀਂ ਆਉਂਦੇ ਹੋ।

115 ਪਤਰਸ ਨੇ ਕਿਹਾ, "ਤੁਹਾਡੇ ਵਿੱਚੋਂ ਹਰ ਇੱਕ ਤੌਬਾ ਕਰੇ; ਅਤੇ ਤੁਹਾਡੇ ਵਿੱਚੋਂ ਹਰ ਇੱਕ ਆਪਣੇ ਪਾਪਾਂ ਦੀ ਮਾਫ਼ੀ ਲਈ, ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤੀਸਮਾ ਲਵੇ, ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ"। ਸਮਝੇ? ਇਹ ਹੀ ਹੈ। ਅਸੀਂ ਇਸ ਰੇਖਾ ਨੂੰ ਵਿਨਣਾਂ ਹੈ।

116 ਹੁਣ ਮੇਰਾ ਮਤਲਬ ਤੁਹਾਨੂੰ ਦੁਖ ਪਹੁੰਚਾਉਣਾ ਨਹੀਂ ਹੈ; ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਪਰ, ਭਾਈਓ, ਭੈਣੋ, ਕੀ ਤੁਹਾਨੂੰ ਮਹਿਸੂਸ ਹੁੰਦਾ ਹੈ ਆਖਰੀ ਦਿਨ ਕਿਆਮਤ ਵੇਲੇ ਮੈਨੂੰ ਇਸ ਪੀੜੀ ਦੇ ਲੋਕਾਂ ਨਾਲ...ਖੜ੍ਹੇ ਹੋਣਾ ਪਵੇਗਾ। ਅਤੇ ਇਸ ਵਚਨ ਦਾ ਲੇਖਾ ਦੇਣਾ ਪਵੇਗਾ? ਅਤੇ ਪਵਿੱਤਰ ਆਤਮਾ ਇਹ ਵਿਖਾ ਰਿਹਾ ਹੈ ਅਤੇ ਮੈਂ ਇਹਦਾ ਪ੍ਰਚਾਰ ਕਰ ਰਿਹਾ ਹਾਂ। ਇਸ ਲਈ ਤੁਸੀਂ ਕਿੱਥੇ ਖੜ੍ਹੇ ਹੋਵੋਗੇ? ਤੁਸੀਂ ਇਸ ਤੋਂ ਕਿਵੇਂ ਬਚ ਸਕਦੇ ਹੋ? ਦੋਸਤੋ, ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਹੋ? ਨਹੀਂ ਕਰ ਸਕਦੇ ਹੋ? ਤੁਸੀਂ ਜੋ ਕੁਝ ਵੀ ਗਲਤ ਕਰ ਰਹੇ ਹੋ ਉਸਨੂੰ ਕਰਨਾ ਬੰਦ ਕਰ ਦਿਓ।

ਤੁਸੀਂ ਕਹਿੰਦੇ ਹੋ, "ਮੈਂ ਨਹੀਂ ਕਰ ਸਕਦਾ ਹਾਂ"।

ਫਿਰ ਤਾਂ ਹਾਲੇ ਤਕ ਤੁਹਾਡੇ ਅੰਦਰ ਉਹ ਅਗੁਵਾਈ ਕਰਨ ਵਾਲਾ ਨਹੀਂ ਹੈ। ਜਦ ਪਵਿੱਤਰ ਆਤਮਾ ਆਉਂਦਾ ਹੈ ਤਾਂ ਉਹ ਤੁਹਾਨੂੰ ਸੰਸਾਰ ਤੇ ਜਿੱਤ ਪ੍ਰਾਪਤ ਕਰਨ ਦੀ ਸ਼ਕਤੀ ਦਿੰਦਾ ਹੈ। ਅਤੇ ਜੇ ਤੁਸੀਂ...ਸੁਣੋ ਉਸਨੇ ਕਿਹਾ ਸੀ, "ਜੇ ਤੁਸੀਂ ਦੁਨੀਆਂ ਜਾਂ ਦੁਨੀਆਂ ਦੀਆਂ ਚੀਜ ਨਾਲ ਪਿਆਰ ਕਰਦੇ ਹੋ ਤਾਂ ਇਹ ਇਸ ਲਈ ਹੈ ਕਿਉਂਕਿ ਤੁਹਾਡੇ ਵਿੱਚ ਖੁਦਾ ਦਾ ਪਿਆਰ ਨਹੀਂ ਹੈ"। ਹੁਣ ਕੋਈ ਵੀ ਬਾਹਾਨਾ ਨਹੀਂ ਹੈ। ਉਹਨੇ ਇਸ ਨੂੰ ਸਪਸ਼ਟ ਕਰ ਦਿੱਤਾ ਹੈ। ਅਤੇ ਅਸੀਂ ਉਸ ਨਿਸ਼ਾਨੇ ਤਕ ਪਹੁੰਚਣਾ ਹੀ ਹੈ।

117 ਮੈਂ ਜਾਣਦਾ ਹਾਂ ਕਿ ਤੁਸੀਂ ਸੋਚਦੇ ਹੋਵੋਗੇ ਕਿ ਮੈਂ ਬੜਾ ਭਿਆਨਕ ਹਾਂ। ਪਰੰਤੂ ਹੁਣ ਮੈਂ ਭਿਆਨਕ, ਪਰ ਬਿਲਕੁਲ ਠੀਕ ਹੈ। ਸਮਝੇ? ਸੁਣੋ ਇਹ ਸੱਚ ਹੈ। ਭਾਈਓ ਭੈਣੋ ਹੁਣ ਤੁਸੀਂ ਇਸ ਤਕ ਆ ਜਾਓ।

118 ਤੁਸੀਂ ਇਹਨਾਂ ਦਿਮਾਗੀ ਗਈਆਂ ਨਾਲ ਭਰੇ ਕਾਲਜ ਜੋ ਕਿ ਇੱਥੇ ਆਲੇਦੁਆਲੇ ਪਾਏ ਜਾਂਦੇ ਹਨ ਨੂੰ ਇਹ ਕਹਿਣ ਦੀ ਪ੍ਰਵਾਨਗੀ ਨਾ ਦੇਣ, "ਇਹ ਤਾਂ ਪੁਰਾਣਾ ਵਿਅਰਥ ਦਾ ਬਕਵਾਸ ਹੈ"।

ਜੇ ਇਹ ਪੁਰਾਣਾ ਵਿਅਰਥ ਦਾ ਬਕਵਾਸ ਹੈ ਤਾਂ ਪਰਮੇਸ਼ਵਰ ਹੀ ਪੁਰਾਣਾ ਵਿਆਰਥ ਦਾ ਬਕਵਾਸ ਹੈ। ਜੇ ਪਰਮੇਸ਼ਵਰ ਪੁਰਾਣਾ ਵਿਅਰਥ ਦਾ ਬਕਵਾਸ ਹੈ ਤਾਂ ਮੈਂ ਵੀ ਉਹ ਹੀ ਹਾਂ। ਆਮੀਨ। ਮੈਂ ਤਾਂ ਉਸਦੇ ਵਰਗਾ ਹੀ ਹੋਣਾ ਚਾਹੁੰਦਾ ਹਾਂ। ਕਿਉਂ? ਕਿਉਂਕਿ ਉਹਦਾ ਆਤਮਾ ਮੇਰੇ ਵਿੱਚ ਹੈ। ਜੋ ਮੇਰੇ ਵਿੱਚ ਭੁੱਖ ਅਤੇ

ਪਿਆਸ ਪੈਦਾ ਕਰਦਾ ਹੈ। ਅਤੇ ਹਰੇਕ ਉਸ ਗੱਲ ਨੂੰ ਨਕਾਰਦਾ ਹੈ ਜਿਹਦੀ ਵਚਨ ਦੇ ਵਿਰੁੱਧ ਹੈ...

119 ਜੇ ਲੋਕ ਕਹਿੰਦੇ ਹਨ, "ਆਦਮੀ ਲਈ ਮਨੋਰੰਜਨ ਕਰਨ ਲਈ ਥੋੜ੍ਹੀ ਜਿਹੀ ਤਾਸ਼ ਖੇਡਣੀ ਅਤੇ ਕੁਝ ਪੈਸਿਆਂ ਦਾ ਜੂਆ ਖੇਡਣਾ ਠੀਕ ਹੈ"। ਇਹ ਬਸ ਠੀਕ ਹੈ। ਪਰ ਖੁਦਾ ਕਹਿੰਦਾ ਹੈ ਕਿ ਇਹ ਠੀਕ ਨਹੀਂ ਹੈ।

120 "ਔਹ, ਬਸ ਜੇ ਤੁਸੀਂ ਸਮਾਜਿਕ ਤੌਰ ਤੇ ਸ਼ਰਾਬ ਦਾ ਇੱਕ ਪੈੱਗ ਲਗਾਉਂਦੇ ਹੋ, ਅਤੇ ਬਸ ਕਦੇ ਕਦਾਈ ਥੋੜ੍ਹੀ ਜਿਹੀ ਸ਼ਰਾਬ ਪੀਂਦੇ ਹੋ"।

ਪਰ ਪਰਮੇਸ਼ਵਰ ਕਹਿੰਦਾ ਹੈ, "ਉਸ ਉੱਤੇ ਹਾਏ"।

121 "ਔਹ," ਤੁਸੀਂ ਕਹਿੰਦੇ ਹੋ, "ਭਾਈ ਬ੍ਰਾਨਹਮ ਇਹ ਠੀਕ ਹੈ ਮੈਂ ਕਿਸੇ ਖਾਸ ਕਾਰਣ ਕਰਕੇ ਆਪਣੇ ਵਾਲ ਕਟਾਉਂਦੀ ਹਾਂ। ਤੁਸੀਂ ਜਾਣਦੇ ਹੋ ਕਿ ਇੱਕ ਔਰਤ ਬਾਕੀ ਔਰਤਾਂ ਇਸੇ ਤਰ੍ਹਾਂ ਹੀ ਕਰ ਰਹੀਆਂ ਹਨ"। ਮੈਂ ਇਸਦੀ ਪਰਵਾਹ ਨਹੀਂ ਕਰਦਾ ਕਿ ਬਾਕੀ ਸਭ ਔਰਤਾਂ ਕੀ ਕਰ ਰਹੀਆਂ ਹਨ। ਉਹ ਤੁਹਾਡੀਆਂ ਆਦਰਸ਼ ਨਹੀਂ ਹਨ ਉਹ ਤੁਹਾਡੀਆਂ ਮਾਲਕ ਨਹੀਂ ਹਨ। ਜੇ ਤੁਹਾਡੇ ਕੋਲ ਪਵਿੱਤਰ ਆਤਮਾ ਹੈ ਤਾਂ ਤੁਸੀਂ ਪਵਿੱਤਰ ਆਤਮਾ ਦੀਆਂ ਹਦਾਇਤਾਂ ਦੀ ਪਾਲਣਾ ਕਰੋਗੇ ਅਤੇ ਤੁਹਾਨੂੰ ਕੋਈ ਚਿੰਤਾ ਨਹੀਂ ਹੋਵੇਗੀ ਕਿ ਲੋਕ ਤੁਹਾਡੇ ਬਾਰੇ ਵਿੱਚ ਕੀ ਕਹਿੰਦੇ ਹਨ।

122 ਤੁਸੀਂ ਕਹਿੰਦੀਆਂ ਹੋ, "ਚੰਗਾ, ਭਾਈ ਬ੍ਰਾਨਹਮ, ਕਿਉਂਕਿ ਗਰਮੀ ਬਹੁਤ ਜਿਆਦਾ ਹੈ। ਇਸੇ ਕਰਕੇ ਹੀ ਮੈਨੂੰ ਇਹ *ਛੋਟੇ ਛੋਟੇ* ਕੱਪੜੇ ਪਾਉਣੇ ਪੈਂਦੇ ਹਨ"। ਭੈਣ ਨਰਕ ਤਾਂ ਇਸ ਤੋਂ ਵੀ ਕਿਤੇ ਵੱਧ ਗਰਮ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਤੁਸੀਂ ਇਸ-ਇਸ ਤਰ੍ਹਾਂ ਨਾ ਕਰੋ। ਤੁਸੀਂ ਇਹਨੂੰ ਯਾਦ ਰੱਖੋ।

123 ਅਤੇ ਪਵਿੱਤਰ ਆਤਮਾ ਤੁਹਾਨੂੰ ਹਮੇਸ਼ਾ ਸੱਚਾਈ ਦੇ ਵੱਲ ਲੈ ਕੇ ਜਾਵੇਗਾ। ਅਤੇ ਉਸਦੀ ਸੱਚਾਈ ਉਸਦਾ ਵਚਨ ਹੈ। ਮੇਰਾ ਵਚਨ ਸੱਚਾਈ ਹੈ। ਹਰੇਕ ਮਨੁੱਖ ਦਾ ਵਚਨ ਝੂਠਾ ਠਹਿਰੇ ਪਰ ਮੇਰਾ ਵਚਨ ਸੱਚ ਹੈ।

ਅਤੇ ਤੁਸੀਂ ਬਸ ਸੋਚਦੇ ਹੋ, "ਘਿਨਾਉਣੇ ਕੰਮ"। ਕੀ ਤੁਸੀਂ ਸੋਚ ਸਕਦੇ ਹੋ?

124 ਇੱਕ ਸੇਵਾਦਾਰ ਦੇ ਕਹਿਣ ਲਈ ਇਹ ਇੱਕ ਬਹੁਤ ਹੀ ਭਿਆਨਕ ਗੱਲ ਹੈ, ਮੈਂ ਵੱਖ ਵੱਖ ਥਾਵਾਂ ਤੇ ਬਾਥਰੂਮ ਗਿਆ ਹਾਂ ਜਿੱਥੇ...ਤੁਸੀਂ ਉੱਥੋਂ ਲੱਗ ਭਗ ਬਾਹਰ ਹੀ ਨਿਕਲ ਆਏ ਹੁੰਦੇ ਇਹ ਇੰਨਾ ਜਿਆਦਾ...ਅਤੇ ਕੰਧ ਤੇ ਗੰਦੀਆਂ ਗੰਦੀਆਂ ਗੱਲਾਂ ਲਿਖੀਆਂ ਹੋਈਆਂ ਸਨ। ਮੈਂ ਸੋਚਿਆ, "ਸੰਸਾਰ ਵਿੱਚ ਲੋਕ ਇੰਨੇ ਹੇਠਾਂ ਕਿਵੇਂ ਡਿੱਗ ਸਕਦੇ ਹਨ?" ਅਤੇ ਇਹ ਬਦਬੂ ਅਤੇ ਜਦੋਂ ਮੈਂ ਉਹਨਾਂ ਥਾਵਾਂ ਤੇ ਜਾਂਦਾ ਹਾਂ ਤਾਂ ਮੈਂ ਅਕਸਰ ਸੋਚਦਾ ਹਾਂ। "ਕਿੰਨੀ ਬਦਬੂ ਹੈ!" ਅਤੇ

ਉੱਥੇ ਮੈਂ ਆਪਣੇ ਹੱਥਾਂ ਨੂੰ ਧੋਣ ਲਈ *ਇਸ* ਤਰ੍ਹਾਂ ਨੱਕ ਨੂੰ ਫ਼ੜਿਆ। ਮੈਂ ਇਸ ਗੱਲ ਤੋਂ ਡਰਦਾ ਸੀ ਕਿ ਜੇ ਮੈਂ ਦਰਵਾਜੇ ਦੀ ਕੁੰਡੀ ਨੂੰ ਫੜਾਂਗਾ ਤਾਂ ਕਿਤੇ ਮਲ ਅਤੇ ਇਸ ਤਰ੍ਹਾਂ ਦੇ ਕੀਟਾਣੂ ਮੇਰੇ ਹੱਥਾਂ ਨੂੰ ਨਾ ਲੱਗ ਜਾਣ। ਅਤੇ ਮੈਂ ਸੋਚਿਆ, "ਔਹ!"

125 ਇੱਕ ਦਿਨ ਜਦ ਮੈਂ ਹਵਾਈ ਅੱਡੇ ਤੇ ਖੜ੍ਹਾ ਸੀ ਜਾ ਇੱਕ ਦਿਨ ਮੈਂ ਮਾਲ ਗੱਡੀਆਂ ਦੇ ਅੱਡੇ ਤੇ ਖੜ੍ਹਾ ਸੀ। ਅਤੇ ਮੈਂ ਇਸੇ ਤਰ੍ਹਾਂ ਦੀ ਇੱਕ ਜਗ੍ਹਾ ਤੇ ਗਿਆ ਅਤੇ ਮੈਂ ਸੋਚਿਆ, "ਔਹ, ਤਰਸਯੋਗ"।

126 ਅਤੇ ਕਿਸੇ ਨੇ ਮੈਨੂੰ ਕਿਹਾ, "ਇਸੇ ਤਰ੍ਹਾਂ ਹੀ ਪਰਮੇਸ਼ਵਰ ਨੂੰ ਦੁਨੀਆਂ ਦੀ ਬਦਬੂ ਆਉਂਦੀ ਹੈ। ਇਹ ਘਿਨਾਉਣੀ ਹੈ"।

127 ਮੈਂ ਸੋਚਿਆ, ਜਦ ਮੈਂ ਕਿਸੇ ਔਰਤ ਨੂੰ ਇਸ ਤਰ੍ਹਾਂ ਸੜਕ ਉੱਤੇ ਆਦਮੀਆਂ ਦੇ ਕੱਪੜੇ ਪਾਏ ਹੋਏ ਅਤੇ ਉਹਨਾਂ ਛੋਟੇ ਛੋਟੇ ਕੱਪੜਿਆਂ ਨੂੰ ਪਾ ਕੇ ਜਾਂਦੇ ਹੋਏ ਵੇਖਦਾ ਹਾਂ ਤਾਂ ਇਹੀ ਹੈ ਜੋ ਪਰਮੇਸ਼ਵਰ ਨੂੰ ਲੱਗਦਾ ਹੋਵੇਗਾ। ਇਹ ਘਿਰਣਾ ਵਾਲਾ ਕੰਮ ਹੈ, ਜੋ ਕੁਝ ਵੀ ਪਰਮੇਸ਼ਵਰ ਦੇ ਸਾਹਮਣੇ ਗੰਦਾ ਅਤੇ ਬਦਬੂ ਵਾਲਾ ਹੈ ਉਹ ਖੁਦਾ ਦੀ ਨਿਗਾਹ ਵਿੱਚ ਘਿਰਣਾ ਯੋਗ ਹੈ। ਇਸਦੇ ਬਾਵਜੂਦ ਵੀ ਉਹ ਐਤਵਾਰ ਨੂੰ ਚਰਚ ਵਿੱਚ ਜਾਂਦੀਆਂ ਹਨ। ਅਤੇ ਆਪਣੇ ਆਪ ਨੂੰ ਸ਼ਿੰਗਾਰਦੀਆਂ ਹਨ।

ਇੱਕ ਮਨੁੱਖ ਉੱਥੇ ਹੇਠਾਂ ਜਾਂਦਾ ਸ਼ਰਾਬ ਪੀਂਦਾ ਹੈ, ਠੱਗੀ ਮਾਰਦਾ, ਅਤੇ ਪੈਸੇ ਨਾਲ ਪਿਆਰ ਕਰਦਾ ਹੈ, ਅਤੇ ਆਪਣੇ ਗੁਆਂਢੀ ਨੂੰ ਠਗਦਾ ਹੈ, ਅਤੇ ਕੁਝ ਵਾਧੂ ਪੈਸੇ ਪ੍ਰਾਪਤ ਕਰਨ ਲਈ ਸਭ ਕੁਝ ਕਰਦਾ ਹੈ; ਇਹ ਸਭ ਕਰਦਾ, ਅਤੇ ਜੂਆ ਖੇਡਦਾ ਹੈ, ਸਿਗਰਟਾਂ ਪੀਂਦਾ ਅਤੇ ਝੂਠ ਬੋਲਦਾ ਹੈ; ਅਤੇ ਫਿਰ ਚਰਚ ਵਿੱਚ ਜਾਂਦਾ ਹੈ ਗਵਾਹੀ ਦਿੰਦਾ ਹੈ। ਘਿਰਣਾ ਯੋਗ! ਗੰਦਗੀ! ਇਹ ਸ਼ਰੀਰਕ ਚਰਚ ਹੈ।

128 ਕਹਿੰਦੇ ਹਨ, "ਚੰਗਾ ਮੈਂ ਚਰਚ ਨਾਲ ਸੰਬੰਧ ਰੱਖਦਾ ਹਾਂ"। ਹਾਂ ਕਲੀਸੀਆ ਨੂੰ ਬਾਹਰ ਜਾ ਲੈਣ ਦਿਓ। ਪੰਦਰਾਂ ਮਿੰਟ ਬਾਅਦ ਹੀ ਸਾਰੇ ਡਿਕਨ ਅਤੇ ਬਾਕੀ ਸਭ ਸਿਗਰਟਾਂ ਪੀਂਦੇ ਹਨ ਅਤੇ ਪਾਸਟਰ ਵੀ ਪੀਂਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਚਰਚ ਵਿੱਚ ਜਾਓ। ਮੈਨੂੰ ਦੱਸੋ! ਹਰੇਕ ਭ੍ਰਿਸ਼ਟ ਚੀਜ ਤੋਂ ਆਪਣੇ ਆਪ ਨੂੰ ਵੱਖਰੇ ਕਰੋ!

129 "ਤੁਸੀਂ ਆਪਣੀ ਦੇਹ ਨੂੰ ਭ੍ਰਿਸ਼ਟ ਕਰਦੇ ਹੋ; ਤਾਂ ਮੈਂ ਤੁਹਾਡਾ ਨਾਸ਼ ਕਰ ਦੇਵਾਂਗਾ"। ਪਰਮੇਸ਼ਵਰ ਨੇ ਕਿਹਾ ਕਿ ਉਹ ਇਸ ਤਰ੍ਹਾਂ ਕਰ ਦੇਵੇਗਾ। ਅਤੇ ਅੱਜ, ਨੱਬੇ ਜਾਂ ਕੁਝ ਇੰਨੇ ਹੀ ਪ੍ਰਤੀਸ਼ਤ ਮੌਤ ਦਾ ਕਾਰਨ ਗਲੇ ਅਤੇ ਫੇਫੜਿਆਂ ਦਾ ਕੈਂਸਰ ਹੈ ਜੋ ਕਿ ਸਿਗਰਟ ਪੀਣ ਨਾਲ ਹੁੰਦਾ ਹੈ। "ਜੋ ਆਪਣੀ ਦੇਹ ਨੂੰ ਭ੍ਰਿਸ਼ਟ

ਕਰੇਗਾ; ਪਰਮੇਸ਼ਵਰ ਉਹਦਾ ਨਾਸ਼ ਕਰੇਗਾ"। ਪਰੰਤੂ ਉਹ ਇੰਨੇ ਜਿਆਦਾ ਨਰਕ ਨਾਲ ਬੱਝੇ ਹੋਏ ਹਨ ਕਿ ਉਹ ਇਸੇ ਤਰ੍ਹਾਂ ਲੁ਼ਡਕਦੇ ਜਾ ਰਹੇ ਹਨ ਅਤੇ ਇਹ ਜਾਣਦੇ ਵੀ ਨਹੀਂ ਹਨ।

ਅਤੇ ਕੁਝ ਪ੍ਰਚਾਰਕ ਕਾਲਜ ਦੀਆਂ ਚਾਰ ਚਾਰ ਡਿਗਰੀਆਂ ਨਾਲ ਪੁਲਪਿਟ ਤੇ ਖੜ੍ਹੇ ਹੁੰਦੇ ਹਨ ਜਦ ਕਿ ਉਹ ਖੁਦ ਆਪ ਸਿਗਰਟਾਂ ਪੀਂਦੇ ਹਨ। ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ, ਭਾਈ। ਪਵਿੱਤਰ ਆਤਮਾ ਨੂੰ ਤਾਂ ਆਦਮੀਆਂ ਅਤੇ ਔਰਤਾਂ ਨੂੰ ਇਸ ਤਰ੍ਹਾਂ ਦੀਆਂ ਥਾਵਾਂ ਵਿੱਚੋਂ ਬਾਹਰ ਕੱਢਣ ਲਈ ਭੇਜਿਆ ਗਿਆ ਸੀ। ਆਪਣੇ ਆਪ ਨੂੰ ਉਹਨਾਂ ਕੋਲੋਂ ਅਲੱਗ ਕਰ ਲਵੋ।

ਵਚਨ *ਕਲੀਸੀਆ* ਸ਼ਬਦ ਦਾ ਅਰਥ ਹੈ "ਅਲੱਗ ਕੀਤੇ ਹੋਏ"। ਬਾਈਬਲ ਕਹਿੰਦੀ ਹੈ, "ਤੁਸੀਂ ਉਹਨਾਂ ਵਿੱਚੋਂ ਬਾਹਰ ਨਿਕਲ ਆਓ," ਅਤੇ, "ਉਹਨਾਂ ਦੀ ਕਿਸੇ ਭ੍ਰਿਸ਼ਟ ਵਸਤੂ ਨੂੰ ਹੱਥ ਨਾ ਲਗਾਓ ਤਾਂ ਮੈਂ ਤੁਹਾਨੂੰ ਕਬੂਲ ਕਰਾਂਗਾ। ਅਤੇ ਤੁਸੀਂ ਮੇਰੇ ਪੁੱਤਰ ਅਤੇ ਧੀਆਂ ਹੋਵੋਗੇ ਅਤੇ ਮੈਂ ਤੁਹਾਡਾ ਪਰਮੇਸ਼ਵਰ ਹੋਵਾਂਗਾ"। ਹੇ ਮੇਰੇ ਖੁਦਾ! ਮੇਰਾ ਮਤਲਬ ਇਸ ਤਰ੍ਹਾਂ ਬੁਰਾ ਭਲਾ ਕਹਿਣ ਦਾ ਨਹੀਂ ਹੈ ਪਰ ਮੇਰਾ ਮਤਲਬ ਤਾਂ ਇਮਾਨਦਾਰ ਅਤੇ ਸੱਚਾ ਬਣੇ ਰਹਿਣਾ ਹੈ। ਹਾਂ ਜੀ, ਸ਼੍ਰੀਮਾਨ। ਔਹ ਕਿੰਨੀ ਭਿਆਨਕ ਗੱਲ ਹੈ!

130 ਆਦਮਿਓ ਅਤੇ ਔਰਤੋਂ, ਅੱਜ ਅਸੀਂ ਕਿੱਥੇ ਖੜ੍ਹੇ ਹਾਂ? ਅਸੀਂ ਕਿੱਥੇ ਹਾਂ? ਆਓ ਅਸੀਂ ਰੁਕਦੇ ਹਾਂ।

131 ਕਿਸੇ ਦੂਸਰੀ ਰਾਤ, ਉਸ ਪੁਰਾਣੀ ਛੋਟੀ ਜਿਹੀ ਸੀਟ ਤੇ (ਮੈਂ ਹੁਣ ਇਸਨੂੰ ਬੰਦ ਕਰ ਰਿਹਾ ਹਾਂ) ਪੁਰਾਣੀ ਛੋਟੀ ਦੋ ਗੱਦੀਆਂ ਵਾਲੀ ਸੀਟ ਤੇ…ਤਿੰਨ ਜਾਂ ਚਾਰ ਦਿਨ ਦੁਆ ਕਰਨ ਤੋਂ ਬਾਅਦ, ਮੈਂ ਇਸ ਤਰ੍ਹਾਂ ਦੀ ਹਾਲਤ ਵਿੱਚ ਆ ਪਹੁੰਚਿਆ, ਮੈਂ ਚਾਰੇ ਪਾਸੇ ਟਹਿਲ ਰਿਹਾ ਸੀ ਅਤੇ ਸੋਚ ਰਿਹਾ ਸੀ, "ਹੇ ਪਰਮੇਸ਼ਵਰ" ਅਤੇ ਮੈਂ ਇਸ ਤਰ੍ਹਾਂ ਦੀ ਹਾਲਤ ਵਿੱਚ ਆ ਪੁੱਜਿਆ ਸੀ ਕਿ ਮੈਂ ਨਹੀਂ ਜਾਂਦਾ ਸੀ ਕਿ ਮੈਂ ਕੀ ਕਰਾਂ। ਮੈਂ ਕਿਹਾ, "ਪਰਮੇਸ਼ਵਰ ਅਸੀਂ ਰਾਹ ਦੇ ਅੰਤ ਵਿੱਚ ਹਾਂ। ਅਤੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਨਾਂਹ ਕੀਤੀ ਹੈ। ਮੇਰੇ ਕੋਲ ਅਗਾਂਹ ਜਾਣ ਲਈ ਬੁਲਾਵੇ ਸਨ"। ਮੈਂ ਸੋਚਿਆ ਮੈਂ ਪ੍ਰਭੂ ਨੂੰ ਹਨੇਰੇ ਵਿੱਚ ਲੜਖੜਾਉਂਦੇ ਹੋ ਵੇਖ ਸਕਦਾ ਹਾਂ, ਅਤੇ ਉਹ ਇੰਨਾਂ ਥੱਕਿਆ ਹੋਇਆ ਸੀ ਕਿ ਇੱਕ ਕਦਮ ਤੋਂ ਬਾਅਦ ਦੂਸਰਾ ਨਹੀਂ ਪੁੱਟ ਸਕਦਾ ਸੀ। ਪਰ ਉਹ ਇੰਨਾ ਵੀ ਨਹੀਂ ਸੀ ਕਿ ਉਹ…ਉਹ ਨਾਇਨ ਦੀ ਇਸਤ੍ਰੀ ਲਈ ਰੁਕਿਆ। ਅਤੇ ਫਿਰ ਉਸਦੇ ਪੁੱਤਰ ਨੂੰ ਮਰਿਆਂ ਹੋਇਆਂ ਵਿੱਚੋਂ ਬਾਹਰ ਬੁਲਾਇਆ; ਉਹ ਉਸਦੇ ਕੋਲ ਜਾ ਸਕਦਾ ਸੀ। ਅਤੇ ਅਰਥੀ ਨੂੰ ਛੂਹ ਸਕਦਾ ਸੀ। ਅਤੇ ਉਸਨੇ ਉਸ ਥੋੜ੍ਹੀ ਜਿਹੀ ਤਾਕਤ ਦਾ ਜੋ ਉਸਦੇ ਅੰਦਰ ਸੀ, ਉਸ ਲੜਕੇ ਨੂੰ ਜਿਉਂਦਾ ਕਰਨ

ਵਿੱਚ ਉਪਯੋਗ ਕੀਤਾ। ਮੈਂ ਸੋਚਿਆ, "ਚੰਗਾ, ਮੈਂ ਕਿਵੇਂ ਥੱਕ ਗਿਆ ਹਾਂ? ਪ੍ਰਭੂ, ਮੇਰੇ ਨਾਲ ਕੀ ਗੜਬੜ ਹੈ? ਇੱਥੇ ਮੈਂ ਇਹ ਸੋਚਦਾ ਹਾਂ, 'ਅੱਛਾ ਮੈਂ ਬੁੱਢਾ ਹੋ ਰਿਹਾ ਹਾਂ। ਮੈਂ—ਮੈਂ ਇਹਨੂੰ ਨਹੀਂ ਕਰ ਸਕਦਾ ਹਾਂ'"।

132 ਉੱਥੇ ਮੂਸਾ ਸੀ, ਜਿਹਨੇ ਉਸੇ ਪਰਮੇਸ਼ਵਰ ਦੀ ਸੇਵਾ ਕੀਤੀ ਜਿਹਦੀ ਮੈਂ ਕਰਦਾ ਹਾਂ। ਉਹ ਇੱਕ ਸੌ ਵੀਹ ਸਾਲ ਦੀ ਉਮਰ ਵਿੱਚ ਖੜਾ ਵਿਖਾਈ ਦਿੰਦਾ ਸੀ।

ਉੱਥੇ ਕਾਲੇਬ ਸੀ, ਜੋ ਨੱਬੇ ਸਾਲ ਦੀ ਉਮਰ ਵਿੱਚ, ਆਪਣੇ ਹੱਥ ਵਿੱਚ ਤਲਵਾਰ ਲੈ ਕੇ ਖੜ੍ਹਾ ਸੀ। ਅਤੇ ਉਸਨੇ ਕਿਹਾ, "ਯਹੋਸ਼ੂਆ ਨੇ ਚਾਲੀ ਸਾਲ ਪਹਿਲਾਂ ਇਸ ਤਲਵਾਰ ਨੂੰ ਮੇਰੇ ਹੱਥ ਵਿਚ ਦਿੱਤਾ ਸੀ"। ਉਸ ਸਮੇਂ ਉਹ ਅੱਸੀ ਸਾਲ ਦਾ ਸੀ। ਉਸ ਨੇ ਕਿਹਾ, "ਮੈਂ ਅੱਜ ਵੀ ਬਿਲਕੁਲ ਉਸੇ ਤਰ੍ਹਾਂ ਦਾ ਹਾਂ ਜਿਸ ਤਰ੍ਹਾਂ ਮੈਂ ਉਸ ਵੇਲੇ ਸੀ"। ਆਮੀਨ।

ਮੈਂ ਕਿਹਾ, "ਖੁਦਾ, ਮੇਰੇ ਤੇ ਦਯਾ ਕਰ"।

133 ਮੈਂ ਕਿਹਾ, "ਅੱਛਾ, ਇੱਥੇ ਵੇਖੋ, ਮੈਂ ਸਦਾ ਹੀ..." ਮੈਂ ਆਪਣੀ ਪਤਨੀ ਨੂੰ ਹੱਥ ਨਾਲ ਫ਼ੜਿਆ। ਉਸਦੀ ਅਤੇ ਆਪਣੀ ਬਾਈਬਲ ਸਮੇਤ ਅਤੇ ਮੈਂ ਕਿਹਾ ਪਿਆਰੀ ਮੈਂ ਹਮੇਸ਼ਾ ਨਕਾਰਾਤਮਕ ਰਿਹਾ ਹਾਂ। ਪਵਿੱਤਰ ਆਤਮਾ ਨੇ ਮੈਨੂੰ ਅੰਦਰੋਂ ਦੋਸ਼ੀ ਠਹਿਰਾਇਆ ਹੈ, ਮੈਂ ਕਿਹਾ, "ਪਿਆਰੀ, ਮੈਂ ਜਿਆਦਾ ਨਕਾਰਾਤਮਕ ਹਾਂ। ਪਵਿੱਤਰ ਆਤਮਾ ਮੈਨੂੰ ਅੰਦਰੋਂ ਦੋਸ਼ੀ ਠਹਿਰਾਉਂਦਾ ਹੈ"। ਮੈਂ ਕਿਹਾ, "ਮੈਂ ਉਹਨਾਂ ਗਲਿਹਰੀਆਂ ਦੇ ਬਾਰੇ ਵਿੱਚ ਸੋਚਦਾ ਹਾਂ ਜਿਹੜੀਆਂ ਉੱਥੇ ਪ੍ਰਗਟ ਹੋਈਆਂ ਸਨ। ਮੈਂ ਹੈਟੀ ਰਾਈਟ ਅਤੇ ਉਹਦੇ ਪੁੱਤਰਾਂ ਦੇ ਬਾਰੇ ਵਿੱਚ ਸੋਚਦਾ ਹਾਂ। ਮੈਂ ਸੋਚਦਾ ਹਾਂ ਕਿ ਪਰਮੇਸ਼ਵਰ ਨੇ ਜੋ ਕੀਤਾ ਹੈ ਉਹ ਇਹ ਹੈ ਕਿ ਉਹ ਵਿਖਾ ਰਿਹਾ ਸੀ ਕਿ ਉਹ ਪਰਮੇਸ਼ਵਰ ਹੈ ਅਤੇ ਰਚਨਾ ਕਰ ਸਕਦਾ ਹੈ"। ਹਾਲੇਲੂਯਾਹ!

ਮੈਂ ਸੋਚਿਆ, "ਉਸਨੇ ਬਹੁਤ ਸਾਲ ਪਹਿਲਾਂ, ਮੈਨੂੰ ਇਹ ਕਿਹਾ ਸੀ ਕਿ 'ਮੈਂ ਤੈਨੂੰ ਕਦੇ ਨਹੀਂ ਛੱਡਾਂਗਾ। ਮੈਂ ਤੈਨੂੰ ਕਦੇ ਨਹੀਂ ਤਿਆਗਾਂਗਾ। ਤੇਰੇ ਜੀਵਨ ਦੇ ਸਾਰੇ ਦਿਨ ਕੋਈ ਵੀ ਕੋਈ ਵੀ ਮਨੁੱਖ ਤੇਰੇ ਸਾਹਮਣੇ ਖੜ੍ਹਾ ਨਹੀਂ ਹੋ ਸਕੇਗਾ। ਮੈਂ ਤੇਰੇ ਨਾਲ ਹੋਵਾਂਗਾ। ਅਤੇ ਦਿਲਾਂ ਦੇ ਖਿਆਲ ਬੁਝਣ ਵਾਲੇ, ਇਸ ਹੱਥ ਨਾਲ ਇੰਝ ਹੋਵੇਗਾ ਕਿ ਤੂੰ ਲੋਕਾਂ ਦੇ ਦਿਲਾਂ ਦੇ ਖਿਆਲ ਜਾਣ ਲਵੇਂਗਾ। ਇਸ ਤੋਂ ਬਾਅਦ ਇਹ ਹੋਰ ਉੱਚਾ ਹੋਰ ਉੱਚਾ ਹੁੰਦਾ ਗਿਆ'। ਇਸ ਦੇ ਸਾਲ ਬਾਅਦ ਹੀ, ਇਹ ਸਾਰੀ ਦੁਨੀਆ ਵਿੱਚ, ਸੱਚ ਸਾਬਤ ਹੋਇਆ ਹੈ। ਹੁਣ ਇਹ ਆਉਂਦਾ ਹੈ, ਹੁਣ ਇਹ ਆਉਂਦਾ ਹੈ ਇਹ ਦੂਸਰੀ ਮਹਾਨ ਸੇਵਕਾਈ ਹੈ ਜੋ ਇਸ ਤੋਂ ਵੀ ਅਗਾਂਹ ਹੈ"।

ਮੈਂ ਕਿਹਾ, “ਪਿਆਰੀ, ਮੈਂ ਤੇਰਾ ਹੱਥ ਫੜ੍ਹਦਾ ਹਾਂ। ਖੁਦਾ ਦੀ ਕਿਰਪਾ ਅਤੇ ਮੱਦਦ ਦੇ ਨਾਲ ਮੈਨੂੰ ਦੁਬਾਰਾ ਨਾਕਾਰਾਂਤਮਕ ਨਾ ਹੋਣ ਦੇਣਾ। ਮੈਨੂੰ ਇਸ ਬੇਦਾਰੀ ਨਾਲ ਚੱਲਣ ਦੇ ਕਿ ਇੰਝ ਪ੍ਰਚਾਰ ਕਰਾਂ ਜਿਵੇਂ ਇਸ ਤੋਂ ਪਹਿਲਾਂ ਕਦੇ ਨਹੀਂ ਕੀਤਾ। ਪਹਿਲਾਂ ਮੈਨੂੰ ਆਪਣੇ ਆਪ ਨੂੰ ਸਮਰਪਿਤ ਕਰਨ ਦੇ ਅਤੇ ਲੋਕਾਂ ਲਈ ਰਾਹ ਬਣਾਉਣ ਦੇ ਕਿ ਮੇਰੀਆਂ ਆਪਣੀਆਂ ਕਮੀਆਂ; ਮੇਰੇ ਆਪਣੇ ਗੁਨਾਹ ਲਹੂ ਨਾਲ ਢੱਕੇ ਜਾਣ ਦੇ, ਮੇਰੀਆਂ ਆਪਣੀਆਂ ਨਾਕਾਮੀਆਂ, ਲਹੂ ਦੇ ਥੱਲੇ ਹੋਣ, ਤਾਂ ਕਿ ਬਾਹਰ ਜਾਂ ਕੇ ਮੈਂ ਕਹਿ ਸਕਾਂ, ‘ਲੋਕੋ, ਮੇਰੇ ਪਿੱਛੇ ਚਲੋ’”। ਇਹ ਠੀਕ ਹੈ।

ਮੈਂ ਇਸ ਤਰ੍ਹਾਂ ਦੇ ਮਨੁੱਖ ਤੋਂ ਨਫ਼ਰਤ ਕਰਦਾ ਹਾਂ। ਜੋ ਕਹੇ, “ਤੁਸੀਂ ਇਹ ਕਰੋ”। ਮੈਂ ਇਸ ਤਰ੍ਹਾਂ ਦੇ ਮਨੁੱਖ ਨੂੰ ਪਸੰਦ ਕਰਦਾ ਹਾਂ ਜੋ ਆਪ ਇਸ ਤਰ੍ਹਾਂ ਕਰੇ ਅਤੇ ਫਿਰ ਲੋਕਾਂ ਦੀ ਅਗੁਵਾਈ ਕਰੇ। ਜੀ ਹਾਂ, ਸ਼੍ਰੀਮਾਨ।

134 ਕੁਝ ਸਮਾਂ ਪਹਿਲਾਂ ਇੱਥੇ ਸ਼ਹਿਰ ਵਿੱਚ ਪਫਾਉ ਤੇਲ ਕੰਪਨੀ ਵਿੱਚ ਅੱਗ ਲੱਗ ਗਈ ਸੀ। ਉੱਥੇ ਜੈਫਰਸਨਵਿਲੇ ਦਾ ਅਗਨਿ ਵਿਭਾਗ ਸੀ। ਅਤੇ ਮੇਰਾ ਇੱਕ ਦੋਸਤ ਜੋ ਕਿ ਭਲਾ ਆਦਮੀ ਹੈ ਉਸਨੇ ਇੰਨੀ ਜਿਆਦਾ ਅੱਗ ਨੂੰ ਪਹਿਲਾਂ ਕਦੇ ਨਹੀਂ ਬੁਝਾਇਆ ਸੀ। ਉਹ ਉੱਥੇ ਚੱਲ ਰਿਹਾ ਸੀ ਅਤੇ ਕਹਿ ਰਿਹਾ ਸੀ, “ਮੁੰਡਿਓ, ਥੋੜ੍ਹਾ ਪਾਣੀ *ਹੇਠਾਂ* ਪਾਓ। ਕੁਝ ਪਾਣੀ ਇੱਥੇ *ਹੇਠਾਂ* ਪਾਓ”।

ਇੱਕ ਕਲਾਰਸਕਵੀਲੇ ਤੋਂ ਉੱਥੇ ਉੱਪਰ ਆਇਆ, “ਡੀਂਗ, ਡੀਂਗ, ਡੀਂਗ,” ਉੱਪਰ ਦੌੜਿਆ ਅਤੇ ਕਿਹਾ ਅੱਗ ਬੁਝਾਉਣ ਵਾਲੇ ਆਗੂ ਨੇ ਇੱਥੇ ਹੇਠਾਂ ਛਲਾਂਗ ਲਗਾਈ। ਅਤੇ ਕਿਹਾ, “ਇੱਥੇ ਥੋੜ੍ਹਾ ਪਾਣੀ *ਇੱਥੇ* ਪਾਓ। ਇੱਥੇ ਇਸ ਖਿੜਕੀ ਨੂੰ ਖੜਕਾਇਆ। *ਇੱਥੇ* ਥੋੜ੍ਹਾ ਪਾਣੀ ਪਾਓ”।

135 ਪਰ ਨਦੀ ਤੋਂ ਪਾਰ ਲੁਇਸਵੀਲੇ ਤੋਂ ਕੁਝ ਅੱਗ ਬੁਝਾਉਣ ਵਾਲੇ ਟ੍ਰੇਡ ਕਰਮਚਾਰੀ ਆਏ। ਉਹਨਾਂ ਨੇ ਉਸ ਕੁੰਢੀ ਅਤੇ ਪੌੜੀ ਨੂੰ ਲਾਇਆ ਅਤੇ ਉਹਨਾਂ ਕਰਮਚਾਰੀਆਂ ਦਾ ਪ੍ਰਧਾਨ ਤਦ ਤਕ ਉੱਤੇ ਚੜ੍ਹਦਾ ਗਿਆ ਜਦ ਤਕ ਪੌੜੀ ਦਾ ਆਖਰੀ ਡੰਡਾ ਨਾ ਆ ਗਿਆ। ਜਦੋਂ ਪੌੜੀ ਨੂੰ ਉੱਪਰ ਖੜ੍ਹਾ ਕੀਤਾ ਗਿਆ ਤਾਂ ਉਹ ਪੌੜੀ ਦੇ ਸਿਖਰ ਤੇ ਸੀ। ਇਸ ਤੋਂ ਪਹਿਲਾਂ ਕਿ ਉਹ ਉੱਪਰ ਪਹੁੰਚਦਾ, ਉਹਨੇ ਆਪਣਾ ਕੁਹਾੜਾ ਉੱਪਰ ਸੁੱਟ ਦਿੱਤਾ। ਅਤੇ ਖਿੜਕੀ ਨੂੰ ਬਾਹਰ ਕੱਢ ਦਿੱਤਾ। ਅਤੇ ਕਿਹਾ, “ਮੁੰਡਿਓ, ਆ ਜਾਓ!” ਇਸ ਤਰ੍ਹਾਂ ਹੈ। ਅਤੇ ਕੁਝ ਹੀ ਮਿੰਟਾਂ ਵਿੱਚ ਅੱਗ ਬੁੱਝ ਗਈ।

ਨਹੀਂ, “ਥੋੜ੍ਹਾ ਜਿਹਾ ਪਾਣੀ *ਇੱਥੇ* ਪਾਓ, ਥੋੜ੍ਹਾ ਪਾਣੀ *ਉੱਥੇ* ਪਾਓ”। ਤੁਸੀਂ ਤਾਂ ਆਪਣੇ ਦਿਮਾਗ ਵਿੱਚ, ਕੁਝ ਇਹਨਾਂ ਬੁੱਧੀ ਜੀਵੀ ਪ੍ਰਚਾਰਕਾਂ ਦੀਆਂ ਗੱਲਾਂ ਨੂੰ ਹੀ ਰੱਖਦੇ ਹੋ।

136 ਅੱਗੇ ਆਓ! ਆਓ ਚੱਲੀਏ! ਮੈਂ ਜਾਣਦਾ ਹਾਂ ਕਿ ਇਹ ਸੱਚ ਹੈ। ਮੈਂ ਇਹਦਾ ਸਵਾਦ ਚਖ ਚੁੱਕਿਆ ਹਾਂ, ਅਤੇ ਵੇਖਿਆ ਹੈ। ਮਹਿਮਾ ਹੋਵੇ! ਪਵਿੱਤਰ ਆਤਮਾ ਹੀ ਸੱਚ ਹੈ। ਪਰਮੇਸ਼ਵਰ ਭਲਾ ਹੈ। *ਇੱਥੇ* ਯਤਨ ਨਾ ਕਰੋ, *ਉੱਥੇ* ਯਤਨ ਨਾ ਕਰੋ; ਪਰਮੇਸ਼ਵਰ ਵਿੱਚ ਸਿੱਧੇ ਚਲੋ! ਉਹ ਇੱਥੇ ਹੈ ਇਹ ਤੁਹਾਡੇ ਲਈ ਹੈ। ਪਰਮੇਸਵਰ ਨੇ ਆਪਣੀ ਸਮਰੱਥਾ ਆਪਣੀ ਕਲਿਸੀ ਅਨੂੰ ਦਿੱਤੀ ਹੈ। ਥੋੜ੍ਹਾ *ਇੱਥੇ* ਪਾਓ ਥੋੜ੍ਹਾ ਉੱਥੇ ਪਾਓ; ਇਹ ਕਰਨ ਨਾਲ ਤੁਹਾਨੂੰ ਕੋਈ ਲਾਭ ਨਹੀਂ ਹੋਣਾ। ਆਗਾਂਹ ਵੱਧੋ! ਆਮੀਨ। ਆਹ! ਵਾਹ!

ਇੱਥੋਂ ਤਕ ਕਿ ਉਹਨਾਂ ਵਿੱਚ ਦੀ ਹੋ ਕੇ ਤਾਂ ਹੋਰ ਵੱਧ ਵੇਖਿਆ ਵੀ ਨਹੀਂ ਜਾ ਸਕਦਾ। [ਭਾਈ ਬ੍ਰਾਨਹਮ ਆਪਣੀ ਪੜ੍ਹਨ ਵਾਲੀ ਐਨਕ ਉਤਾਰਦੇ ਹਨ—ਸੰਪਾ]

137 ਆਮੀਨ! ਅਸੀਂ ਕੀ ਕਰਨ ਜਾ ਰਹੇ ਹਾਂ? ਇੱਥੇ ਬੈਠਾ ਹਰ ਇੱਕ ਮਨੁੱਖ, ਕਿਸੇ ਚੀਜ ਨਾਲ ਭਰਿਆ ਹੋਇਆ ਹੈ।

ਮੈਂ ਖਤਮ ਕਰਾਂ; ਹੋ ਸਕਦਾ ਹੈ ਕਿ ਤਦ ਇਸ ਤੋਂ ਬਾਅਦ।

ਤੁਸੀਂ ਕਿਸੇ ਚੀਜ ਨਾਲ ਭਰੇ ਹੋਏ ਹੋ। ਤੁਸੀਂ ਉੱਥੇ ਕਿਸੇ ਚੀਜ ਨਾਲ ਭਰੇ ਹੋਏ ਬਗੈਰ ਨਹੀਂ ਬੈਠ ਸਕਦੇ। ਤੁਹਾਡੇ ਅੰਦਰ ਜੀਵਨ ਹੋਣਾ ਹੁੰਦਾ ਹੈ। ਉਹ ਜੀਵਨ ਤੁਹਾਨੂੰ ਚਲਾਉਂਦਾ ਹੈ ਅਤੇ ਉਹ ਜੀਵਨ ਇੱਕ ਆਤਮਾ ਦੇ ਚਲਾਏ ਚੱਲਦਾ ਹੈ।

ਹੁਣ, ਹੋ ਸਕਦਾ ਹੈ ਕਿ ਤੁਸੀਂ ਦੁਨੀਆਂ ਨਾਲ ਭਰੇ ਹੋਏ ਹੋਵੋ, ਤੁਸੀਂ ਦੁਨੀਆਂ ਅਤੇ ਦੁਨੀਆਂ ਦੀਆਂ ਚੀਜਾਂ ਨਾਲ ਪਿਆਰ ਕਰਦੇ ਹੋਵੋ। ਪਰਮੇਸ਼ਵਰ ਤੁਹਾਡੇ ਤੇ ਕਿਰਪਾ ਕਰੇ।

ਤੁਸੀਂ ਕਿਸੇ ਚਰਚ ਦੇ ਅੱਕੀਦਿਆਂ ਨਾਲ ਭਰੇ ਹੋਏ ਹੋ ਸਕਦੇ ਹੋ, ਕੋਈ ਛੋਟੀਆਂ ਦੁਆਵਾਂ ਜਿਹੜੀਆਂ ਤੁਸੀਂ ਆਖਦੇ ਹੋ ਤੁਸੀਂ ਸੋਚਦੇ ਹੋ ਕਿ ਕਿਸੇ ਮੁਰਦਿਆਂ ਦੇ ਅੱਗੇ ਦੁਆ ਕਰਨੀ ਹੈ ਜਾਂ-ਜਾਂ ਕੋਈ ਨਿਸ਼ਾਨ ਆਪਣੇ ਉੱਤੇ ਬਣਾਉਣਾ ਹੈ। ਪਰਮੇਸ਼ਵਰ ਤੁਹਾਡੇ ਤੇ ਦਯਾ ਕਰੇ।

138 ਅਤੇ ਹੋ ਸਕਦਾ ਹੈ ਕਿ ਤੁਸੀਂ ਧਰਮ ਨਾਲ ਭਰੇ ਹੋਏ ਹੋਵੋ ਪਰ ਫਿਰ ਵੀ ਤੁਹਾਡੀ ਹਾਲਤ ਤਰਸਯੋਗ ਹੈ। ਇਹ ਸੱਚ ਹੈ। ਇਹ ਠੀਕ ਹੈ। ਬਾਈਬਲ ਆਖਦੀ ਹੈ, "ਅੰਤ ਦੇ ਦਿਨਾਂ ਵਿੱਚ ਲੋਕ ਬਹੁਤ ਹੀ ਧਰਮੀ ਹੋਣਗੇ; ਉਹ ਭਗਤਿ ਦਾ ਰੂਪ ਧਾਰਨਗੇ, ਉਹ ਭਗਤੀ ਦਾ ਰੂਪ ਤਾਂ ਧਾਰਨਗੇ; ਪਰ ਉਸਦੀ ਸ਼ਕਤੀ ਦੇ ਇਨਕਾਰੀ ਹੋਣਗੇ, ਅਜਿਹਿਆਂ ਤੋਂ ਲਾਂਭੇ ਰਹਿਣਾ"।

ਜੇ ਤੁਸੀਂ ਧਰਮ ਨਾਲ ਭਰੇ ਹੋਏ ਹੋ, ਤੁਸੀਂ ਬਹੁਤ ਹੀ ਅਭਾਗੇ ਹੋ; ਬਸ ਤੁਸੀਂ ਧਰਮ ਦੇ ਅਨੁਯਾਈ ਹੀ ਹੋ। ਜੇ ਤੁਸੀਂ ਕਿਸੇ ਅੱਕੀਦਿਆਂ ਨਾਲ ਭਰੇ ਹੋਏ ਹੋ

ਤਾਂ ਤੁਸੀਂ ਨਹੀਂ ਜਾਣਦੇ ਹੋ ਕਿ ਤੁਸੀਂ ਕੀ ਕਹਿ ਰਹੇ ਹੋ। ਜੇ ਤੁਸੀਂ ਸੰਸਾਰ ਨਾਲ ਭਰੇ ਹੋਏ ਹੋ ਤਾਂ ਤੁਸੀਂ ਅੰਨੇ ਹੋ।

139 ਅਤੇ ਫਿਰ ਇਹ ਵੀ ਹੈ ਕਿ ਹੋ ਸਕਦਾ ਹੈ ਕਿ ਤੁਸੀਂ ਪਵਿੱਤਰ ਆਤਮਾ ਦੇ ਨਾਲ ਭਰੇ ਹੋਏ ਹੋਵੋ। ਆਮੀਨ। ਮੈਂ ਆਸ ਕਰਦਾ ਹਾਂ ਕਿ ਤੁਸੀਂ ਪਵਿੱਤਰ ਆਤਮਾ ਨਾਲ ਭਰੇ ਹੋਏ ਹੋ। ਅਤੇ ਜੇ ਤੁਸੀਂ ਪਵਿੱਤਰ ਆਤਮਾ ਨਾਲ ਭਰੇ ਹੋਏ ਨਹੀਂ ਹੋ, ਤਾਂ ਤੁਸੀਂ ਪਵਿੱਤਰ ਆਤਮਾ ਨਾਲ ਭਰ ਜਾਓਗੇ। ਅਤੇ ਜੇ ਤੁਸੀਂ ਪਵਿੱਤਰ ਆਤਮਾ ਨਾਲ ਭਰੇ ਹੋਏ ਹੋ ਤਾਂ ਤੁਹਾਡੇ ਕੋਲ ਕੀ ਹੈ? ਤੁਹਾਡੇ ਕੋਲ ਸ਼ਕਤੀ ਹੈ। ਤੁਹਾਡੇ ਕੋਲ ਪਿਆਰ ਹੈ। ਤੁਹਾਡੇ ਕੋਲ ਸ਼ਾਂਤੀ ਹੈ। “ਮੈਂ ਤੁਹਾਨੂੰ ਆਪਣੀ ਸ਼ਾਂਤੀ ਦਿੰਦਾ ਹਾਂ; ਜਿਵੇਂ ਸੰਸਾਰ ਦਿੰਦਾ ਹੈ ਮੈਂ ਤੁਹਾਨੂੰ ਉਸ ਤਰ੍ਹਾਂ ਨਹੀਂ ਦਿੰਦਾ ਹਾਂ”। ਤੁਹਾਡੇ ਕੋਲ ਸ਼ਕਤੀ ਹੈ। ਤੁਹਾਡੇ ਕੋਲ ਮੋਹਰ ਹੈ, ਤੁਹਾਡੇ ਕੋਲ ਨਿਸ਼ਾਨ ਹੈ। ਆਮੀਨ। ਤੁਹਾਡੇ ਕੋਲ ਆਰਾਮ ਹੈ। ਤੁਹਾਡੇ ਕੋਲ ਨਾ ਬਿਆਨ ਹੋਣ ਵਾਲਾ ਆਨੰਦ ਹੈ। ਅਤੇ ਤੁਸੀਂ ਮਹਿਮਾ ਨਾਲ ਭਰੇ ਹੋਏ ਹੋ। ਤੁਸੀਂ ਸਥਿਰ ਹੋ। ਹੇ ਮੇਰੇ ਖੁਦਾ! ਇਹੋ ਕੁਝ ਹੀ ਤੁਸੀਂ ਪਵਿੱਤਰ ਆਤਮਾ ਨਾਲ ਹੁੰਦੇ ਹੋ। ਤੁਹਾਡੇ ਕੋਲ...ਜੇ ਤੁਸੀਂ ਪਵਿੱਤਰ ਆਤਮਾ ਨਾਲ ਭਰੇ ਹੋਏ ਹੋ, “ਤੁਸੀਂ ਮੌਤ ਤੋਂ ਪਾਰ ਹੋ ਕੇ ਜੀਵਨ ਵਿੱਚ ਵੜ ਚੁੱਕੇ ਹੋ,” ਅਤੇ ਆਖਰੀ ਦਿਨ ਲਈ ਕਿਆਮਤ ਦੀ ਉਡੀਕ ਕਰ ਰਹੇ ਹੋ। ਆਮੀਨ।

140 ਉਸ ਆਉਣ ਵਾਲੇ ਜਗਤ ਵਿੱਚ ਜੋ ਕਿ ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਆ ਰਿਹਾ ਹੈ। ਅਤੇ ਜਿਹਨੂੰ ਉਹਨੇ ਮਹਿਮਾ ਅਤੇ ਸਮਰੱਥਾ ਵਿੱਚ ਆਉਂਦੇ ਵੇਖਿਆ ਸੀ, “ਸਮੁੰਦਰ ਆਪਣੇ ਮੁਰਦਿਆਂ ਨੂੰ ਮੋੜ ਦੇਵੇਗਾ”। “ਉਹ ਨਾਸ਼ਵਾਨ ਸ਼ਰੀਰ ਜੋ ਮਸੀਹ ਵਿੱਚ ਸੁੱਤੇ ਹੋਏ ਹਨ...”

“ਉਸ ਵਿੱਚ ਸੁੱਤੇ ਹਨ”। ਤੁਸੀਂ ਉਸ ਵਿੱਚ ਕਿਵੇਂ ਆਉਂਦੇ ਹੋ? “ਇੱਕ ਹੀ ਆਤਮਾ ਦੇ ਦੁਆਰਾ ਸਾਨੂੰ ਸਭ ਨੂੰ ਇੱਕ ਹੀ ਦੇਹ ਵਿੱਚ ਬਪਤੀਸਮਾ ਦਿੱਤਾ ਗਿਆ ਹੈ”।

“ਉਹ ਜੋ ਨਾਸ਼ਵਾਨ ਦੇਹ ਵਿੱਚ, ਉਸ ਵਿੱਚ ਸੁੱਤੇ ਹਨ ਉਹ ਬਦਲ ਜਾਣਗੇ ਅਤੇ ਉਸਦੀ ਮਹਿਮਾ ਵਾਲੀ ਦੇਹ ਵਾਂਗ ਹੋ ਜਾਣਗੇ ਜਿਹਦੇ ਦੁਆਰਾ ਉਹ ਸਭ ਚੀਜਾਂ ਨੂੰ ਆਪਣੇ ਅਧੀਨ ਕਰ ਲਵੇਗਾ”

“ਮੈਂ ਇੱਕ ਅਵਾਜ ਆਕਾਸ਼ੋਂ ਇਹ ਆਖਦੇ ਸੁਣੀਂ”, ਯੂਹੰਨਾ ਨੇ ਕਿਹਾ, “ਮੈਨੂੰ ਆਖਿਆ, ‘ਭਈ, “ਲਿਖ ਧੰਨ ਉਹ ਮੁਰਦੇ ਜੋ ਪ੍ਰਭੂ ਵਿੱਚ ਹੋ ਕੇ ਮਰੇ ਹਨ...”’” ਕਿਵੇਂ ਪ੍ਰਵੇਸ਼ ਕਰਨ ਜਾ ਰਹੇ ਹੋ? “ਇੱਕ ਆਤਮਾ ਦੇ ਰਾਹੀਂ ਅਸਾਂ ਸਭਨਾਂ ਨੂੰ ਇੱਕ ਹੀ ਦੇਹ ਵਿੱਚ ਬਪਤੀਸਮਾ ਦਿੱਤਾ ਗਿਆ ਹੈ”। [ਭਾਈ ਬ੍ਰਾਨਹਮ ਆਪਣੇ ਦੋਨਾਂ ਹੱਥਾਂ ਨਾਲ ਇੱਕ ਵਾਰ ਤਾੜੀ ਵਜਾਉਂਦੇ ਹਨ—ਸੰਪਾ] “‘“...ਜਿਹੜੇ

ਪ੍ਰਭੂ ਵਿੱਚ ਮਰਦੇ ਹਨ; ਉਹ ਆਪਣੇ ਕੰਮਾਂ ਤੋਂ ਆਰਾਮ ਪਾਉਣਗੇ। ਅਤੇ ਉਹਨਾਂ ਦੇ ਕੰਮ ਉਹਨਾਂ ਦਾ ਪਿੱਛਾ ਕਰਦੇ ਹਨ"""। ਹਾਹਾ!

ਇਸੇ ਲਈ ਉਸਨੇ ਪਵਿੱਤਰ ਆਤਮਾ ਭੇਜਿਆ। ਓਹ, ਮੁਬਾਰਕ ਆਸ, ਯਿਸੂ ਮਸੀਹ ਮੇਰਾ ਹੈ! ਮੈਂ ਉਸਦੇ ਵਿੱਚ ਹਾਂ, ਅਤੇ ਉਹ ਮੇਰੇ ਵਿੱਚ ਹੈ, ਪਿਤਾ ਉਸਦੇ ਵਿੱਚ ਹੈ ਅਤੇ ਉਹ ਪਿਤਾ ਦੇ ਵਿੱਚ ਹੈ; ਅਤੇ ਮੈਂ ਪਿਤਾ ਦੇ ਵਿੱਚ ਹਾਂ ਅਤੇ ਪਿਤਾ ਮੇਰੇ ਲਈ ਹੈ।

ਯਿਸੂ ਮੇਰਾ ਹੈ!
ਓਹ, ਰੱਬੀ ਮਹਿਮਾ ਦਾ ਕਿੰਨਾ ਸਵਾਦ ਹੈ!
ਮੈਂ ਮੁਕਤੀ ਦਾ ਵਾਰਿਸ ਹਾਂ, ਪਰਮੇਸ਼ਵਰ ਨੇ ਮੈਨੂੰ ਖਰੀਦਿਆ ਹੈ।
ਉਸਦੇ ਆਤਮਾ ਤੋਂ ਜੰਮਿਆ ਹਾਂ, ਉਸਦੇ ਲਹੂ ਨਾਲ ਸ਼ੁੱਧ ਨਾਲ ਹੋਇਆਂ ਹਾਂ।

ਆਮੀਨ। ਮੈਂ ਇਸਦਾ ਵਣਜ ਵਪਾਰ ਨਹੀਂ ਕਰਾਂਗਾ। ਹੇ ਮੇਰੇ ਪ੍ਰਭੂ!

ਹੀਰੇ, ਮੋਤੀ ਅਤੇ ਸੋਨੇ ਚਾਂਦੀ ਦੇ ਨਾਲ
ਉਸਦੀਆਂ ਤੀਜੋਰੀਆਂ ਭਰੀਆਂ ਹਨ, ਉਸਦੇ ਕੋਲ ਬੇਬਿਆਨ ਖਜਾਨੇ ਹਨ।

ਮੈਂ ਮਹਾਰਾਜੇ ਦਾ ਪੁੱਤਰ ਹਾਂ!
ਮੈਂ ਮਹਾਰਾਜੇ ਦਾ ਪੁੱਤਰ ਹਾਂ!
ਯਿਸੂ ਮੇਰਾ ਮੁਕਤੀਦਾਤਾ ਹੈ,
ਉਸਨੇ ਮੈਨੂੰ ਮਹਾਰਾਜ ਦਾ ਪੁੱਤਰ ਬਣਾਇਆ ਹੈ!

141 ਆਮੀਨ ਅਤੇ ਆਮੀਨ। ਮੈਂ ਇਹਨੂੰ ਆਪਣੇ ਹੱਥੋਂ ਅਦਲਾ ਬਦਲੀ ਨਹੀਂ ਕਰਾਂਗਾ। ਮੈਂ ਇਹਨੂੰ ਆਪਣੇ ਹੱਥਾਂ ਵਿੱਚੋਂ ਨਹੀਂ ਜਾਣ ਦਿਆਂਗਾ। ਮੇਰੇ ਕੋਲ ਵਚਨ ਦੀਆਂ ਦੋ ਜਾਂ ਤਿੰਨ ਲਿਖਤਾਂ ਹੋਰ ਹਨ...

ਮੇਰੇ ਕੋਲ ਇੱਕ ਹੋਰ ਲਿਖਤ ਹੈ। ਜਦੋਂ ਤੁਸੀਂ ਪਵਿੱਤਰ ਆਤਮਾ ਨਾਲ ਭਰ ਜਾਂਦੇ ਹੋ, ਤਾਂ ਸਭ ਵਸਤਾਂ ਤੁਹਾਡੇ ਕੋਲ ਹੁੰਦੀਆਂ ਹਨ। ਫਿਰ ਤੁਸੀਂ ਦੁਨੀਆਂ ਲਈ ਕੀ ਹੁੰਦੇ ਹੋ? ਇੱਕ ਪ੍ਰਦੇਸ਼ੀ। ਮੈਂ ਜਾਣਦਾ ਹਾਂ ਕਿ ਦੇਰ ਹੋ ਗਈ ਹੈ ਪਰ ਇਸਦੇ ਲਈ ਕਦੇ ਵੀ ਬਹੁਤ ਦੇਰ ਨਹੀਂ ਹੈ। [ਭਾਈ ਬ੍ਰਾਨਹਮ ਆਪਣੇ ਹੱਥਾਂ ਨਾਲ ਇੱਕ ਵਾਰ ਤਾੜੀ ਮਾਰਦੇ ਹਨ-ਸੰਪਾ] ਇੱਕ ਪ੍ਰਦੇਸ਼ੀ! ਓਹ!

ਅਸੀਂ ਇੱਥੇ ਪ੍ਰਦੇਸ਼ੀ ਅਤੇ ਯਾਤਰੀ ਹਾਂ,
ਅਸੀਂ ਆਉਣ ਵਾਲੇ ਨਗਰ ਦੀ ਭਾਲ ਕਰ ਰਹੇ ਹਾਂ,
ਜੀਵਨ ਦੀ ਕਿਸ਼ਤੀ ਛੇਤੀ ਆਉਣ ਵਾਲੀ ਹੈ,
ਤਾਂ ਕਿ ਆਪਣੇ ਰਤਨਾਂ ਨੂੰ ਇਕੱਠੇ ਕਰਕੇ ਸੁਰਗੀ ਘਰ
ਲੈ ਜਾਵੇ।

142 ਮੈਂ ਓਹੀਓ ਨਦੀ ਦੀ ਛਲ ਛਲ ਕਰਦੀ ਪਾਣੀ ਦੀ ਅਵਾਜ ਸਨ ਸਕਦਾ ਹਾਂ। ਜਦ ਮੈਂ ਲੱਗਭਗ ਬਾਈ ਸਾਲ ਦਾ ਇੱਕ ਮੁੰਡਾ ਜਿਹਾ ਪ੍ਰਚਾਰਕ ਸੀ। ਇਸੇ ਗੀਤ ਨੂੰ ਗਾ ਰਿਹਾ ਸੀ। ਅਤੇ ਮੈਂ ਉੱਪਰ ਨਿਗਾਹ ਮਾਰੀ, ਅਤੇ ਮੈਂ ਇੱਕ ਅਵਾਜ ਸੁਣੀ। ਉਸ ਅਵਾਜ ਨੇ ਕਿਹਾ, "ਉੱਪਰ ਨਿਗਾਹ ਮਾਰੋ"। ਅਤੇ ਜਦ ਮੈਂ ਉੱਪਰ ਝਾਤੀ ਮਾਰੀ, ਤਾਂ ਮੈਂ ਵੇਖਿਆ ਉੱਥੇ ਇੱਕ ਵੱਡਾ ਪ੍ਰਕਾਸ਼ ਉੱਪਰ ਲਟਕ ਰਿਹਾ ਸੀ। ਅਤੇ ਉਹ ਮੇਰੇ ਉੱਤੇ ਆ ਗਿਆ ਅਤੇ ਕਿਹਾ, "ਜਿਵੇਂ ਯੂਹੰਨਾ ਬਪਤੀਸਮਾ ਦੇਣ ਵਾਲੇ ਨੂੰ ਮਸੀਹ ਦੀ ਪਹਿਲੀ ਆਮਦ ਦੇ ਅੱਗੇ ਅੱਗੇ ਭੇਜਿਆ ਗਿਆ ਸੀ, ਉਸੇ ਤਰ੍ਹਾਂ ਤੈਨੂੰ ਇੱਕ ਸੰਦੇਸ਼ ਮਿਲੇਗਾ ਜੋ ਮਸੀਹ ਦੀ ਦੂਜੀ ਆਮਦ ਦੇ ਅੱਗੇ ਅੱਗੇ ਚੱਲੇਗਾ"।

ਔਹ, ਮੈਂ ਇਹਦਾ ਕਿਵੇਂ ਵਿਸ਼ਵਾਸ ਕਰ ਸਕਦਾ ਹਾਂ? ਪਰ ਇਹ ਬਿਲਕੁਲ ਉਸ ਤਰ੍ਹਾਂ ਹੀ ਹੋਇਆ ਹੈ। ਅਤੇ ਅੱਜ ਰਾਤ ਬੇਦਾਰੀ ਦੀ ਅੱਗ ਸਾਰੇ ਸੰਸਾਰ ਵਿੱਚ ਚਾਰੇ ਪਾਸੇ ਫੈਲ ਰਹੀ ਹੈ। ਖੁਦਾ ਦੀ ਮੁਕਤ ਹੋਈ ਮਹਾਨ ਕਲੀਸੀਆ ਨੇ ਆਪਣੇ ਆਪ ਨੂੰ ਉਸ ਜਗ੍ਹਾ ਤੋਂ ਉੱਪਰ ਉਠਾ ਲਿਆ ਹੈ ਅਤੇ ਚੰਗਾਈ ਦੇ ਵੱਡੇ ਵੱਡੇ ਅੰਦੋਲਨ ਹੋ ਰਹੇ ਹਨ ਅਤੇ ਚਿਨ੍ਹ ਅਤੇ ਚਮਤਕਾਰ ਹੋ ਰਹੇ ਹਨ ਅਤੇ ਉਸਦੀ ਆਮਦ ਵਿਖਾਈ ਦੇ ਰਹੀ ਹੈ।

143 ਤੁਸੀਂ ਪਰਦੇਸੀ ਅਤੇ ਯਾਤਰੀ ਹੋ। ਤੁਸੀਂ ਅਜੀਬ ਕੰਮ ਕਰਦੇ ਹੋ, ਤੁਸੀਂ ਜੋ ਪਹਿਲਾਂ ਕਰਦੇ ਸੀ ਹੁਣ ਉਸ ਤੋਂ ਵੱਖਰੇ ਕੰਮ ਕਰਦੇ ਹੋ। ਲੋਕ...ਜਦੋਂ ਤੁਹਾਡੇ ਉੱਤੇ ਪਵਿੱਤਰ ਆਤਮਾ ਆਉਂਦਾ ਹੈ ਅਤੇ ਤੁਸੀਂ ਪਵਿੱਤਰ ਆਤਮਾ ਨਾਲ ਭਰ ਜਾਂਦੇ ਹੋ ਤਾਂ ਤੁਸੀਂ ਦੁਨੀਆਂ ਦੀਆਂ ਚੀਜਾਂ ਦਾ ਇਨਕਾਰ ਕਰਦੇ ਹੋ। ਤੁਸੀਂ ਉਹਨਾਂ ਚੀਜਾਂ ਨੂੰ ਅਣਦੇਖਾ ਕਰ ਦਿੰਦੇ ਹੋ, ਜਿਹੜੀਆਂ ਤੁਹਾਨੂੰ ਘੇਰਦੀਆਂ ਸਨ। ਫਿਰ ਤੁਸੀਂ ਅਨੋਖੇ ਕੰਮ ਕਰਨ ਵਾਲੇ ਪ੍ਰਾਣੀ ਬਣ ਜਾਂਦੇ ਹੋ।ਉਹਨਾਂ ਲੋਕਾਂ ਲਈ ਕੁੜਕ ਕੁੜਕ ਕਰਨ ਵਾਲੇ ਬਣ ਜਾਂਦੇ ਹੋ। ਜਿਵੇਂ ਕਿ ਉਹ ਛੋਟਾ ਉਕਾਬ ਜਿਹੜਾ ਕਿ ਮੁਰਗੀ ਦੇ ਆਲਣੇ ਵਿੱਚ ਪੈਦਾ ਕੀਤਾ ਗਿਆ ਸੀ; ਜਿਵੇਂ ਕਿ ਮੈਂ, *ਜਿਵੇਂ ਉਕਾਬ ਆਪਣੇ ਆਲ੍ਹਣੇ ਨੂੰ ਹਿਲਾਉਂਦਾ ਹੈ*, ਉੱਤੇ ਪ੍ਰਚਾਰ ਕੀਤਾ ਸੀ। ਤੁਸੀਂ ਉਹਨਾਂ ਲਈ ਹਾਸੇ ਵਾਲੇ, ਪ੍ਰਾਣੀ ਬਣ ਜਾਂਦੇ ਹੋ।

ਪਰ, ਔਹ, ਤੁਸੀਂ ਮਹਾਰਾਜੇ ਦੇ ਸ਼ਹੀ ਮਾਰਗ ਤੇ ਚੱਲ ਰਹੇ ਹੋ! ਆਮੀਨ। ਇਹ ਸੁਰਗ ਨੂੰ ਜਾਣ ਵਾਲਾ ਸ਼ਾਹੀ ਮਾਰਗ ਹੈ। ਅਤੇ ਮੈਂ ਮਹਾਰਾਜੇ ਦੇ ਸ਼ਾਹੀ ਮਾਰਗ ਤੇ ਚੱਲ ਰਿਹਾ ਹਾਂ।

ਕਹਿੰਦੇ ਹਨ, "ਉਸ ਪਵਿੱਤਰ ਪਾਖੰਡੀ ਤੇ ਧਿਆਨ ਦਿਓ, ਉਸ ਵੱਲ ਵੇਖੋ। ਜੇ ਬੇਹੂਦੇ ਢੰਗ ਨਾਲ ਕੁੜਕ ਕੁੜਕ ਕਰਦਾ ਹੈ। ਇਹ ਉਹ ਪਵਿੱਤਰ ਪਾਖੰਡੀ ਪ੍ਰਚਾਰਕ ਹੈ"।

144 ਲੁਇਸਵੀਲੇ ਵਿੱਚ ਇੱਕ ਵੱਡਾ ਮਸ਼ਹੂਰ ਪ੍ਰਚਾਰਕ ਇੱਕ ਆਦਮੀ ਨੂੰ ਕਹਿ ਰਿਹਾ ਸੀ, "ਮੈਂ ਭਾਈ ਬਿਲੀ ਦੀ ਮੱਦਦ ਕਰਨਾ ਚਾਹੁੰਦਾ ਹਾਂ। ਪਰ ਤੁਸੀਂ ਜਾਣਦੇ ਹੋ ਕਿ ਮੈਂ ਕੀ ਕੀਤਾ ਹੈ? ਮੈਨੂੰ ਆਪਣੀ ਹੀ ਧੌਣ ਤੁੜਵਾਣੀ ਪਵੇਗੀ"। ਤੁਹਾਨੂੰ ਮੇਰੇ ਲਈ ਆਪਣੀ ਧੌਣ ਤੁੜਵਾਉਣ ਦੀ ਕੋਈ ਲੋੜ ਨਹੀਂ ਹੈ।

ਉਸਨੇ ਆਪਣਾ ਜੀਵਨ ਦਾਨ ਦਿੱਤਾ। ਆਮੀਨ!...?...ਰਾਜੇ ਦੇ ਮੁੱਖ ਮਾਰਗ ਤੇ ਚੱਲਦੇ ਹੋਏ, ਇਹੀ ਹੈ। ਔਹ, ਮੇਰੇ ਪ੍ਰਭੂ! ਉਹਦੀ ਆਤਮਾ ਨਾਲ ਭਰਿਆ ਹੋਇਆ! ਉਹਦੀ ਆਤਮਾ ਨਾਲ ਜੰਮਿਆ ਹੋਇਆ! ਉਹਦੇ ਲਹੂ ਨਾਲ ਧੋਤਾ ਹੋਇਆ! ਹਾਲੇਲੂਯਾਹ! ਖੁਸ਼!

145 ਅਤੇ ਫਿਰ ਇੱਕ ਹੋਰ ਗੱਲ ਹੈ। ਤੁਹਾਡੇ ਵਿੱਚੋਂ ਕੌਣ ਉਹਨਾਂ ਕੰਮਾਂ ਨੂੰ ਕਰਵਾਉਂਦਾ ਹੈ? ਤੁਸੀਂ ਅਜੇ ਵੀ ਉਹੀ ਮਨੁੱਖ ਹੁੰਦੇ ਹੋ ਪਰ ਤੁਹਾਡੇ ਕੋਲੋਂ ਕੌਣ ਉਹ ਕੰਮ ਕਰਵਾਂਦਾ ਹੈ? ਇਸ ਤਰ੍ਹਾਂ ਇਸ ਲਈ ਹੈ ਕਿਉਂਕਿ ਤੁਹਾਡਾ ਆਤਮਾ ਉੱਪਰੋਂ ਆਉਂਦਾ ਹੈ। ਇਹ ਪਰਮੇਸ਼ਵਰ ਹੈ ਜੋ ਤੁਹਾਡੇ ਅੰਦਰ ਹੈ।

146 ਜਦੋਂ ਮੈਂ ਰੋਮ ਗਿਆ ਤਾਂ ਮੈਂ ਧਿਆਨ ਦਿੱਤਾ ਕਿ ਉਨ੍ਹਾਂ ਵਿੱਚੋਂ ਹਰੇਕ ਦੇ ਕੋਲ ਰੋਮਨ ਆਤਮਾ ਸੀ। ਜਦੋਂ ਮੈਂ ਯੁਨਾਨ ਵਿੱਚ ਸੀ ਤਾਂ ਮੈਂ ਵੇਖਿਆ ਕਿ ਉਨ੍ਹਾਂ ਦੇ ਕੋਲ ਯੂਨਾਨੀ ਆਤਮਾ ਸੀ। ਜਦ ਮੈਂ ਇੰਗਲੈਂਡ ਪਹੁੰਚਿਆ ਤਾਂ ਮੈਂ ਉੱਥੇ ਧਿਆਨ ਦਿੱਤਾ ਕਿ ਉਹਨਾਂ ਕੋਲ ਇੰਗਲੈਂਡ ਦਾ ਆਤਮਾ ਸੀ। ਜਦੋਂ ਤੁਸੀਂ ਇੱਥੇ ਦੋ ਸਥਾਨਾਂ ਵਿੱਚ ਜਾਂਦੇ ਹੋ, ਤਾਂ ਤੁਸੀਂ ਵੇਖਦੇ ਹੋ...ਤੁਸੀਂ ਅਮਰੀਕੀ ਆਤਮਾ ਵੇਖਦੇ ਹੋ; ਇਹ ਬਹੁਤ ਹੀ ਭਿਆਨਕ ਗੱਲ ਹੈ।

147 ਜਦ ਮੈਂ ਰੋਮ ਵਿੱਚ ਸੇਨ ਐਨਜਲੋ ਦੇ ਕਬਰਸਥਾਨ ਵਿੱਚ ਗਿਆ ਤਾਂ ਉਹਨਾਂ ਉੱਥੇ ਇੱਕ ਸੂਚਨਾ ਬੋਰਡ ਲਗਾਇਆ ਹੋਇਆ ਸੀ, "ਮੁਰਦਿਆਂ ਨੂੰ ਸਤਿਕਾਰ ਦੇਣ ਲਈ, ਕਿਰਪਾ ਕਰਕੇ, ਅਮਰੀਕੀ ਔਰਤਾਂ ਆਪਣੇ ਕੱਪੜੇ ਪਹਿਣ ਲੈਣ"। ਇਹ ਅਮਰੀਕੀ ਆਤਮਾ ਹੈ।

ਉਹਨਾਂ ਵਲ ਵੇਖੋ, ਜਦ ਉਹ ਹਵਾਈ ਜਹਾਜ ਵਿੱਚੋਂ ਥੱਲੇ ਉਤਰਦੀਆਂ ਹਨ, ਅਤੇ ਉਹਨਾਂ ਨੇ ਛੋਟੇ ਛੋਟੇ ਕੱਪੜੇ ਪਾਏ ਹੁੰਦੇ ਹਨ। ਅਤੇ ਹਰ ਕੋਈ ਉਹਨਾਂ ਵੱਲ ਵੇਖਦਾ ਹੈ। ਅਤੇ ਕਹਿੰਦਾ ਹੈ ਕਿ ਇਹ ਮਿਸ ਅਮਰੀਕਾ ਆ ਰਹੀ ਹੈ। ਇਹ

ਅਮਰੀਕੀ ਆਤਮਾ ਹੈ। ਤੁਸੀਂ ਦੱਸ ਸਕਦੇ ਹੋ ਕਿ ਉਹ ਕਿੱਥੇ ਹਨ? ਆਪਣੇ ਪਿੱਛੇ ਛੋਟੇ ਪੂਡਲ ਕੁੱਤੇ ਨੂੰ ਖਿੱਚੀ ਲਿਆਉਂਦੀਆਂ ਹੋਣਗੀਆਂ। ਇਹ ਠੀਕ ਹੈ। ਔਹ, ਤਾਂ ਉਹ ਹੈ...ਉਹ ਅਮਰੀਕਾ ਹੈ, ਉਹ ਅਮਰੀਕਾ ਹੈ; ਹੇਠਾਂ ਆਉਂਦੇ ਹੋਏ, ਉਹ ਆਕੜ ਕੇ ਸ਼ਾਨ ਨਾਲ ਚਲਦੀਆਂ ਹਨ। ਕਿਉਂ? ਉਸਨੇ ਅਮਰੀਕੀ ਆਤਮਾ ਪ੍ਰਾਪਤ ਕੀਤਾ ਹੈ। [ਭਾਈ ਬ੍ਰਾਨਹਮ ਛੇ ਵਾਰ ਪੁਲਪਿਤ ਵਜਾਉਂਦੇ ਹਨ- ਸੰਪਾ] ਪਰ ਯਿਸੂ ਨੇ ਕਿਹਾ, ਉਸਨੇ ਇਸਦੇ ਵਿਰੁੱਧ ਗਵਾਹੀ ਦਿੱਤੀ ਸੀ। ਉਸਨੇ ਕਿਹਾ, "ਤੁਸੀਂ ਹੇਠਾਂ ਇਸ ਧਰਤੀ ਦੇ ਹੋ। ਮੈਂ ਉੱਪਰ ਤੋਂ ਹਾਂ"।

ਅਤੇ ਜੇ ਤੁਹਾਡੇ ਵਿੱਚ ਮਸੀਹ ਦਾ ਆਤਮਾ ਹੈ, ਤਾਂ ਤੁਸੀਂ ਉੱਪਰ ਤੋਂ ਹੋ। ਅਤੇ ਤੁਸੀਂ ਇੱਥੇ ਅਜਨਬੀ ਹੋ।

148 ਪਰ ਤੁਸੀਂ ਇਸ ਜਗ੍ਹਾ ਦੇ ਹੁੰਦੇ ਹੋ, ਉਸ ਦਾ ਸੁਭਾਅ ਤੁਹਾਡੇ ਵਿੱਚ ਹੁੰਦਾ ਹੈ। ਇਹੋ ਹੀ ਕਹਿਣ ਦੀ ਕੋਸ਼ਿਸ਼ ਮੈਂ ਕਰ ਰਿਹਾ ਹਾਂ। ਇੱਕ ਰੋਮੀ ਇੱਥੇ ਆਉਂਦਾ ਹੈ ਉਹ ਆਪਣੇ ਸਿਰ ਵਿੱਚ ਖਾਜ ਕਰਦਾ ਹੈ। ਅਤੇ ਇੱਕ ਜਰਮਨੀ ਆਉਂਦਾ ਹੈ ਅਤੇ ਉਹ ਆਪਣੇ ਸਿਰ ਵਿੱਚ ਖਾਜ ਕਰਦਾ ਹੈ ਅਤੇ ਇੱਕ ਅਮਰੀਕੀ ਉੱਥੇ ਜਾਂਦਾ ਹੈ। ਕਿਉਂ? ਕਿਉਂਕਿ ਜਿਸ ਦੇਸ਼ ਵਿੱਚ ਤੁਸੀਂ ਰਹਿੰਦੇ ਹੋ ਤੁਹਾਡੇ ਅੰਦਰ ਉਸੇ ਦੇਸ਼ ਦਾ ਆਤਮਾ ਹੁੰਦਾ ਹੈ।

ਇਹ ਹੀ ਸਾਰੀ ਦੁਨੀਆਂ ਤੋਂ ਇੰਨੇ ਵੱਖਰੇ ਬਣਾਉਂਦਾ ਹੈ। ਤੁਸੀਂ ਉੱਪਰ ਤੋਂ ਹੋ। ਤੁਸੀਂ ਜਨਮ ਲਿਆ ਹੈ। ਤੁਸੀਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ। ਕੀ ਤੁਸੀਂ ਇਹਦਾ ਵਿਸ਼ਵਾਸ ਕਰਦੇ ਹੋ? [ਸੰਗਤ ਆਖਦੀ ਹੈ ਆਮੀਨ—ਸੰਪਾ] ਇਹ ਹੀ ਹੈ ਜੋ ਪਵਿੱਤਰ ਆਤਮਾ ਕਰਦਾ ਹੈ। ਇਹ ਤੁਹਾਨੂੰ ਪਰਮੇਸ਼ਵਰ ਦੇ ਰਾਜ ਦੇ ਨਾਗਰਿਕ ਬਣਾਉਂਦਾ ਹੈ।

149 ਹੁਣ ਜੇ ਤੁਸੀਂ ਪਰਮੇਸ਼ਵਰ ਦੇ ਰਾਜ ਦੇ ਨਾਗਰਿਕ ਹੋ ਤਾਂ ਇਹ ਤੁਹਾਡੇ ਕੋਲੋਂ ਕਿਸ ਤਰ੍ਹਾਂ ਦਾ ਕੰਮ ਕਰਵਾਉਂਦਾ ਹੈ ਜਿਵੇਂ ਪਰਮੇਸ਼ਵਰ ਆਪਣੇ ਰਾਜ ਵਿੱਚ ਕਰਦਾ ਹੈ। ਹੁਣ ਪਰਮੇਸ਼ਵਰ ਆਪਣੇ ਰਾਜ ਵਿੱਚ ਕੀ ਕਰਦਾ ਹੈ? ਉਹ ਰਾਜ, ਪਵਿੱਤਰਤਾ, ਅਤੇ ਧਾਰਮਿਕਤਾ ਨਾਲ ਭਰਪੂਰ ਹੈ, ਉੱਥੇ ਵਿਚਾਰਾਂ ਦੀ ਸ਼ੁੱਧਤਾ ਹੈ, ਮਨ ਦੀ ਸ਼ੁੱਧਤਾ ਹੈ; ਪਿਆਰ ਅਤੇ ਸਾਮਰਥ, ਉਹਨਾਂ ਦੇ ਲਈ ਹੈ ਜੋ ਗੁਆਚ ਰਹੇ ਹਨ, ਬਿਮਾਰਾਂ ਲਈ ਚੰਗਾਈ ਹੈ, ਚਮਤਕਾਰ ਹਨ ਅਤੇ ਮਹਾਨ ਕੰਮ ਹਨ। ਫਿਰ, ਤੁਸੀਂ ਦੁਨੀਆਂ ਨੂੰ ਬੇਵਕੂਫ਼ ਵਿਖਾਈ ਦਿੰਦੇ ਹੋ। ਅਤੇ ਉਹ ਆਖਦੇ ਹਨ, "ਇਹਨਾਂ ਲੋਕਾਂ ਦਾ ਤਾਂ ਦਿਮਾਗ ਖਰਾਬ ਹੈ"। ਸਮਝੇ? ਪਰ ਤੁਸੀਂ ਤਾਂ ਪਰਮੇਸ਼ਵਰ ਦੇ ਰਾਜ ਦੇ ਨਾਗਰਿਕ ਹੋ।

150 ਇੱਕ ਹੋਰ ਲਿਖਤ ਜੇ ਤੁਸੀਂ ਲਿਖਣਾ ਚਾਹੁੰਦੇ ਹੋ, ਯੂਹੰਨਾ 12:24 ਜਲਦੀ ਨਾਲ ਮੈਨੂੰ ਇਸਦਾ ਹਵਾਲਾ ਦੇਣ ਦਿਓ। ਯਿਸੂ ਨੇ ਕਿਹਾ:

*...ਜਦ ਤਕ ਕਣਕ ਦਾ ਦਾਣਾ ਜਮੀਨ ਵਿੱਚ ਡਿੱਗ ਕੇ ਮਰ ਨਹੀਂ ਜਾਂਦਾ...ਇਹ ਹੋਰ ਜੀਵਨ ਨਹੀਂ ਲਿਆ ਸਕਦਾ।*

ਹੁਣ, ਤੁਸੀਂ, ਇਸ ਆਖਰੀ ਟਿੱਪਣੀ ਨੂੰ ਵੇਖੋ। ਅਤੇ ਫਿਰ ਇਹ ਯਾਦ ਰੱਖੋ ਕਿ ਇਹ ਪੂਰੀ ਤਰ੍ਹਾਂ...ਤੁਹਾਡੇ ਲੋਕਾਂ ਲਈ ਇਹ ਬਹੁਤ ਹੀ ਜਰੂਰੀ ਅਤੇ ਲਾਜਮੀ ਅਤੇ ਮੁਢਲਾ ਹੈ ਕਿ ਤੁਸੀਂ ਪਵਿੱਤਰ ਆਤਮਾ ਪ੍ਰਾਪਤ ਕਰੋ। ਕਿਉਕਿ, ਜੇ ਤੁਸੀਂ ਪਵਿੱਤਰ ਆਤਮਾ ਪ੍ਰਾਪਤ ਨਹੀਂ ਕਰਦੇ ਹੋ ਤਾਂ ਤੁਸੀਂ ਜੀ ਉੱਠਣ ਵਿੱਚ ਸ਼ਾਮਿਲ ਨਹੀਂ ਹੋ ਸਕਦੇ ਹੋ। ਹੁਣ ਧਿਆਨ ਦਿਓ। ਪਰਮੇਸ਼ਵਰ ਆਪਣੇ ਨਿਯਮਾਂ ਨੂੰ ਨਹੀਂ ਤੋੜਦਾ ਹੈ। ਅਸੀਂ ਜਾਂਦੇ ਹਾਂ ਕਿ ਉਹ ਆਪਣੇ ਨਿਯਮਾਂ ਦੀ ਪਾਲਣਾ ਕਰਦਾ ਹੈ।

151 ਹੁਣ, ਅਸੀਂ-ਅਸੀਂ ਕਣਕ ਦੇ ਦਾਣੇ ਨੂੰ ਬਿਲਕੁਲ ਉਸੇ ਹੀ ਤਰ੍ਹਾਂ ਨਾਲ ਵੇਖਾਂਗੇ ਜਿਵੇਂ ਯਿਸੂ ਨੇ ਕਿਹਾ ਸੀ। ਬੇਸ਼ੱਕ, ਇੱਕ-ਇੱਕ ਕਣਕ, ਅਤੇ ਬਾਈਬਲ ਵਿੱਚ ਅਤੇ ਅੱਜ ਮੈਂ ਪੜ੍ਹ ਰਿਹਾ ਸੀ ਅਸਲ ਵਿੱਚ ਖਾਣ ਵਾਲੀਆਂ ਚੀਜਾਂ ਤੋਂ ਮਤਲਬ ਹੈ ਜਿਵੇਂ ਕਣਕ, ਜੌਂ, ਜਵੀ ਜਾਂ ਕੋਈ ਵੀ ਅਨਾਜ। ਪਰ ਜਦੋਂ ਕਣਕ ਦਾ ਦਾਣਾ ਭੂਮੀ ਵਿੱਚ ਡਿੱਗਦਾ ਹੈ ਤਾਂ ਇਸ ਤਰ੍ਹਾਂ ਹੈ...ਅਸੀਂ ਸਾਰੇ ਜੋ ਇੱਥੇ ਹਾਂ ਇਸਨੂੰ ਵੇਖ ਚੁੱਕੇ ਹਾਂ ਅਤੇ ਜਾਂਦੇ ਹਾਂ ਕਿ ਇਸੇ ਤਰ੍ਹਾਂ ਹੀ ਹੁੰਦਾ ਹੈ। ਇੱਕ ਕਣਕ ਜਾਂ ਮੱਕੀ ਦਾ ਦਾਣਾ ਜਿੰਨਾਂ ਸਿੱਧ ਵਿਖ ਸਕਦਾ ਹੈ। ਪਰ ਤੁਸੀਂ ਇਸਨੂੰ ਧਰਤੀ ਵਿੱਚ ਸੁੱਟ ਦਿਓ। ਅਤੇ ਜੇ ਇਹ ਕਣਕ ਦਾ ਦਾਣਾ ਹੈ।

ਉਸਦੇ ਕੋਲ ਲੰਬਾ ਜੀਵਨ ਹੁੰਦਾ ਹੈ। ਉਹ ਅੱਜ ਤਾਂ ਭੂਮੀ ਵਿੱਚ ਚਲਾ ਜਾਂਦਾ ਹੈ ਅਤੇ ਫਿਰ ਆਪਣੇ ਆਪ ਨੂੰ ਤਣੇ ਵਿੱਚ ਦੁਬਾਰਾ ਪ੍ਰਗਟ ਕਰਦਾ ਹੈ। ਅਤੇ ਫਿਰ ਉਹ ਬਾਹਰ ਨਿਕਲ ਆਉਂਦਾ ਹੈ। ਅਤੇ ਫਿਰ ਉੱਪਰ ਵੱਧਦਾ ਹੈ, ਅਤੇ ਉਹ ਫਿਰ ਆ ਜਾਂਦਾ ਹੈ। ਉਸ ਵਿੱਚ ਇੱਕ ਮੁੜ ਮੁੜ ਵਾਪਰਨ ਵਾਲਾ ਅਥਵਾ ਨਿਰੰਤਰ ਜੀਵਨ ਹੁੰਦਾ ਹੈ।

ਜੇ ਉਸ ਦਾਣੇ ਵਿੱਚ ਜੀਵਨ ਦਾ ਅੰਕੁਰ ਨਹੀਂ ਹੈ ਤਾਂ ਇਹਦਾ ਕੋਈ ਵੀ ਮਤਲਬ ਨਹੀਂ ਹੈ। ਕਿ ਇਹ ਕਿੰਨਾ ਸੋਹਣਾ ਵਿਖਾਈ ਦਿੰਦਾ ਹੈ। ਉਹ ਕਦੇ ਵੀ ਨਹੀਂ ਉੱਗੇਗਾ। ਜਦ ਉਹ ਭੂਮੀ ਦੇ ਵਿੱਚ ਜਾਵੇਗਾ ਉਹ ਸੜ ਜਾਵੇਗਾ ਅਤੇ ਉਹਦੇ ਨਾਲ ਬਸ ਇਹੋ ਕੁਝ ਹੀ ਹੋਵੇਗਾ। ਉਹਦੇ ਬਾਰੇ ਵਿੱਚ ਤਾਂ ਬਸ ਇਹੋ ਹੈ, ਕਿ ਉਹ ਖਾਦ ਅਤੇ ਆਦਿ ਦੇ ਤੌਰ ਤੇ ਇਸਤੇਮਾਲ ਕੀਤਾ ਜਾਂ ਸਕਦਾ ਹੈ। ਪਰ ਜਿੱਥੇ ਤਕ ਉਸਦੇ ਦੁਬਾਰਾ ਫਿਰ ਜੀ ਉੱਠਣ ਦੀ ਗੱਲ ਆਉਂਦੀ ਹੈ ਤਾਂ ਉਹ ਤਦ ਤਕ ਫਿਰ ਦੁਬਾਰਾ ਜੀਉਂਦਾ ਨਹੀਂ ਹੋ ਸਕਦਾ ਜਦ ਤਕ ਕਿ ਉਸਦੇ ਅੰਦਰ ਨਿਰੰਤਰ ਪਾਇਆ ਜਾਣ ਵਾਲਾ ਜੀਵਨ ਨਾ ਹੋਵੇ। ਕੋਈ ਵੀ ਇਸ ਗੱਲ ਨੂੰ ਜਾਣਦਾ ਹੈ। ਤੁਸੀਂ ਇਸਨੂੰ ਦੁਬਾਰਾ ਉਗਾ ਨਹੀਂ ਸਕਦੇ ਹੋ।

152 ਦੋ ਆਦਮੀ ਇਸ ਤਰ੍ਹਾਂ ਹੋ ਸਕਦੇ ਹਨ ਕਿ ਉਹ ਬਿਲਕੁਲ ਇੱਕੋ ਹੀ ਵਰਗੇ ਹੀ ਹੋਣ, ਦੋਨੋਂ ਇੱਕੋ ਹੀ ਵਰਗੇ ਦਿਖਾਈ ਦੇਣ। ਉਨ੍ਹਾਂ ਵਿੱਚ ਇੱਕ ਭਲਾ ਆਦਮੀ ਹੋ ਸਕਦਾ ਹੈ। ਉਹ ਭਲੇ ਕੰਮ ਕਰ ਸਕਦਾ ਹੈ; ਅਤੇ ਉਹ ਇਸੇ ਤਰ੍ਹਾਂ ਦੇ ਹੋਰ ਕਈ ਕੰਮ ਕਰ ਸਕਦਾ ਹੈ। ਪਰ ਜਦ ਤਕ ਉਸਦੇ ਅੰਦਰ ਅਨੰਤ ਜੀਵਨ ਹੀ ਨਾ ਪਾਇਆ ਜਾਂਦਾ ਹੋਵੇ, ਉਹ ਕਿਆਮਤ ਦੇ ਦਿਨ ਕਦੇ ਵੀ ਜਿਉਂਦਾ ਨਹੀਂ ਹੋਵੇਗਾ। ਉਹ ਇਸ ਤਰ੍ਹਾਂ ਕਰ ਹੀ ਨਹੀਂ ਸਕਦਾ ਹੈ; ਉਸ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਕਿ ਉਹ ਦੁਬਾਰਾ ਜੀ ਉੱਠੇ। ਉਸ ਵਿੱਚ ਕੁਝ ਵੀ ਅਜਿਹਾ ਨਹੀਂ ਹੈ ਜੋ ਉਸਨੂੰ ਦੁਬਾਰਾ ਜਿਉਂਦਾ ਕਰ ਦੇਵੇ। ਉਸ ਵਿੱਚ ਕੋਈ ਅਨੰਤ ਜੀਵਨ ਹੀ ਨਹੀਂ ਹੈ। ਇਸ ਲਈ, ਮੇਰੇ ਪਿਆਰੇ ਭਾਈਓ ਭੈਣੋ, ਤੁਸੀਂ ਵੇਖੋ ਕਿ ਜਦ ਤਕ ਕੋਈ ਮਨੁੱਖ ਨਵੇਂ ਸਿਰੇ ਤੋਂ ਜਨਮ ਨਾ ਲਵੇ ਉਹ ਬੁੱਧੀਮਾਨ ਨਹੀਂ ਹੋ ਸਕਦਾ ਹੈ। "ਜਦ ਤਕ ਕਣਕ ਦਾ ਦਾਣਾ ਭੂਮੀ ਵਿੱਚ ਡਿੱਗ ਕੇ ਮਰ ਨਹੀਂ ਜਾਂਦਾ ਹੈ"। ਉਹ ਇਹ ਆਪਣੇ ਲਈ ਹੀ ਕਹਿ ਰਿਹਾ ਸੀ। ਪਰ ਉਸਦੇ ਕੋਲ ਨਿਰੰਤਰ ਜੀਵਨ ਨਹੀਂ ਬਲਕਿ ਅਨੰਤ ਜੀਵਨ ਹੈ; ਅਤੇ ਉਹਨੇ ਉਹੀ ਅਨੰਤ ਜੀਵਨ ਤੁਹਾਨੂੰ ਦਿੱਤਾ ਹੈ ਤਾਂ ਕਿ ਤੁਹਾਡੇ ਵਿੱਚ ਵੀ ਉਹੀ ਜੀਵਨ ਹੋਵੇ।

153 ਹੁਣ, ਜੇ ਤੁਹਾਡੇ ਕੋਲ ਬਸ ਮਨੁੱਖੀ ਜੀਵਨ ਹੀ ਹੈ ਕਿ ਤੁਸੀਂ ਬਸ ਇੱਧਰ ਉਧਰ ਚੱਲ ਫਿਰ ਹੀ ਸਕਦੇ ਹੋ ਅਤੇ ਐਸ਼ਾਂ ਨਾਲ ਰਹੋ, "ਇਹ ਇਸ ਤਰ੍ਹਾਂ ਹੈ ਜਿਵੇਂ ਕਿ ਉਹ ਜੋ ਸੁਖ ਬਿਲਾਸ ਵਿੱਚ ਫ਼ਸ ਗਈ ਅਤੇ ਉਹ ਜਿਉਂਦੇ ਜੀ ਮਰ ਗਈ"। ਤੁਸੀਂ ਦੁਬਾਰਾ ਜਿਉਂਦੇ ਨਹੀਂ ਹੋ ਸਕਦੇ ਹੋ। ਤੁਸੀਂ ਸਕੂਲ ਵਿੱਚ ਸਭ ਤੋਂ ਪ੍ਰਸਿੱਧ ਕੁੜੀ ਹੋ ਸਕਦੀ ਹੋ। ਹੋ ਸਕਦਾ ਹੈ ਕਿ ਤੁਸੀਂ ਆਪਣੇ ਸਮਾਜ ਵਿੱਚ ਤਾਸ਼ ਦੇ ਖੇਲ ਵਿੱਚ ਬਹੁਤ ਮਸ਼ਹੂਰ ਹੋਵੋ। ਹੋ ਸਕਦਾ ਹੈ ਕਿ ਤੁਸੀਂ ਦੇਸ਼ ਵਿੱਚ ਸਭ ਤੋਂ ਵਧੀਆ ਕੱਪੜੇ ਪਾਏ ਹੋਣ। ਹੋ ਸਕਦਾ ਹੈ ਕਿ ਤੁਸੀਂ ਆਪਣੇ ਪਤੀ ਲਈ ਇੱਕ ਮੂਰਤ ਵਾਂਗ ਹੋਵੋ। ਹੋ ਸਕਦਾ ਹੈ ਕਿ ਤੁਸੀਂ ਉਹ ਸਭ ਹੋਵੋ ਜੋ ਕਿ ਬਹੁਤ ਵਧੀਆ ਗੱਲ ਹੈ। ਪਰ, ਜੇ, ਭੈਣ ਜੀ ਤੁਹਾਡੇ ਅੰਦਰ ਪਵਿੱਤਰ ਆਤਮਾ ਜੋ ਕਿ ਅਨੰਤ ਜੀਵਨ ਹੈ ਨਾ ਹੋਵੇ, ਤਾਂ ਤੁਸੀਂ ਇਸ ਜਿੰਦਗੀ ਦੇ ਰਸਤੇ ਵਿੱਚ ਖਤਮ ਹੋ ਜਾਊਗੀਆਂ।

ਮੈਂ ਇਸਦੀ ਪਰਵਾਹ ਨਹੀਂ ਕਰਦਾ ਹਾਂ ਕਿ ਤੁਸੀਂ ਕਿਸ ਤਰ੍ਹਾਂ ਦੀ ਵਿਖਾਈ ਦਿੰਦੀ ਹੋ ਜਾਂ ਉਹ ਸਭ ਗੱਲਾਂ ਤੁਹਾਡੇ ਬਾਰੇ ਵਿੱਚ ਕਿਸ ਤਰ੍ਹਾਂ ਦੀਆਂ ਹਨ ਤੁਸੀਂ ਕਿੰਨੀ ਮਸ਼ਹੂਰ ਜਾਂ ਨਾ ਮਸ਼ਹੂਰ ਹੋਵੋ। ਤੁਸੀਂ ਕਿੰਨੀ ਸੋਹਣੀ ਜਾਂ ਭੱਦੀ ਹੋਵੋ; ਜੇ ਤੁਹਾਡੇ ਕੋਲ ਅਨੰਤ ਜੀਵਨ ਹੈ, ਤਾਂ ਤੁਸੀਂ ਯੁਗੋਂ ਯੁੱਗ ਜਿਉਂਦੀ ਰਹੋਂਗੀ।

154 ਜਦੋਂ ਚੰਦ ਅਤੇ ਤਾਰੇ ਖਤਮ ਹੋ ਜਾਂਦੇ ਹਨ ਅਤੇ ਖੁਦ ਧਰਤੀ ਵਿਰਲਾਪ ਕਰਦੀ ਪਹਾੜਾਂ ਅਤੇ ਰੇਗਿਸਥਾਨ ਵਿੱਚ ਟੁੱਟ ਜਾਵੇਗੀ ਅਤੇ ਬਾਕੀ ਸਭ ਕੁਝ

ਖਤਮ ਹੋ ਜਾਵੇਗਾ; ਅਤੇ ਜਦੋਂ ਉਹ ਸ਼ਰਾਬੀ ਆਦਮੀ ਦੇ ਵਾਂਗ ਜੋ ਆਪਣੇ ਘਰ ਵਾਪਿਸ ਜਾ ਰਿਹਾ ਹੁੰਦਾ ਹੈ ਲੜਖੜਾ ਰਹੀ ਹੈ। ਅਤੇ ਜਦੋਂ ਤਾਰੇ ਚਮਕਣੇ ਬੰਦ ਕਰ ਦਿੰਦੇ ਹਨ ਅਤੇ ਆਕਾਸ਼ ਤੋਂ ਡਿੱਗ ਪੈਂਦੇ ਹਨ ਅਤੇ ਚੰਦ ਲਹੂ ਵਰਗਾ ਹੋ ਜਾਂਦਾ ਹੈ; ਅਤੇ ਸੂਰਜ ਸ਼ਰਮ ਨਾਲ ਅਪਣਾ ਮੂੰਹ ਛੁਪਾ ਲੈਂਦਾ ਹੈ, ਜਦੋਂ ਉਹ ਮਨੁੱਖ ਦੇ ਪੁੱਤਰ ਨੂੰ ਆਉਂਦੇ ਹੋਏ ਵੇਖਦੇ ਹਨ। ਤੁਸੀਂ ਯਿਸੂ ਮਸੀਹ ਦੀ ਧਾਰਮਿਕਤਾ ਵਿੱਚ ਚਮਕੋਂਗੇ ਕਿ ਕਬਰ ਵਿੱਚੋਂ ਇੱਕ ਜਵਾਨ ਅਤੇ ਇੱਕ ਖੂਬਸੂਰਤ ਲੜਕੀ ਵਾਂਗੂ ਬਾਹਰ ਨਿਕਲ ਆਓ ਕਿ ਆਪਣੇ ਸਾਥੀ ਨੂੰ ਪਰਾਪਤ ਕਰੋ। ਅਤੇ ਉਸਦੇ ਨਾਲ ਯੁਗੋਂ ਯੁੱਗ ਰਹੋ। ਅਤੇ ਫਿਰ ਤੁਸੀਂ ਸਭ ਅਨੰਤਤਾ ਵਿੱਚ ਰਹਿ ਰਹੇ ਹੋਵੋਂਗੇ। ਇਸੇ ਲਈ ਹੀ ਪਵਿੱਤਰ ਆਤਮਾ ਹੈ।

ਜੇ ਤੁਸੀਂ ਇਹਦੇ ਲਈ ਜਰਾ ਜਿੰਨੀ ਵੀ ਖਿੱਚ ਮਹਿਸੂਸ ਕਰਦੇ ਹੋ ਤਾਂ ਤੁਸੀਂ ਇਸਨੂੰ ਨਾ ਠੁਕਰਾਓ।

155 ਪਵਿੱਤਰ ਆਤਮਾ ਕੀ ਹੈ? ਪਰਮੇਸ਼ਵਰ ਤੁਹਾਡੇ ਅੰਦਰ। ਇਹ ਕਾਹਦੇ ਲਈ ਹੈ? ਤਾਂ ਕਿ ਆਪਣੇ ਲੋਕਾਂ ਵਿੱਚ ਆਪਣੇ ਕੰਮ ਲਗਾਤਾਰ ਜਾਰੀ ਰੱਖ ਸਕੇ; ਤਾਂ ਕਿ ਉਸਦੀ ਕਲੀਸੀਆ ਇਕੱਠੀ ਇੱਕ ਥਾਂ ਲਿਆਂਦੀ ਜਾ ਸਕੇ ਕਿ ਉਸਦੀ ਕਲੀਸੀਆ ਨੂੰ ਲੂਥਰਨ, ਮੈਥੋਂਡਿਸਟ ਅਤੇ ਪੈਂਤੀਕਾਸਟਲਾਂ ਵਾਲੀ ਹਾਲਤ ਤੋਂ ਕਿਤੇ ਅਗਾਂਹ ਉਸ ਹਾਲਤ ਵਿੱਚ ਲਿਆਂਦਾ ਜਾਵੇ ਕਿ ਉਹ ਲੇਪਾਲਕਪਣ ਅਤੇ ਸਵਰਗ ਤੇ ਉਠਾਏ ਜਾਣ ਦੀ ਕਿਰਪਾ ਨੂੰ ਪ੍ਰਾਪਤ ਕਰ ਸਕੇ। ਜਦੋਂ, ਕਲੀਸੀਆ ਦੇ ਇਸ ਭਾਗ ਵਿੱਚ ਜਦ ਪਵਿੱਤਰ ਆਤਮਾ ਇੱਥੇ ਇਸ ਕਲੀਸੀਆ ਵਿੱਚ ਘੁੰਮਦਾ ਫਿਰਦਾ ਹੈ ਤਾਂ ਇਹ ਬਸ ਉਠ ਖੜ੍ਹੀ ਹੋਵੇਗੀ ਅਤੇ ਉਹਨਾਂ ਸਭਨਾਂ ਛੁਡਾਏ ਲੋਕਾਂ ਨੂੰ ਜਿਹਨਾਂ ਨੇ ਇਸ ਪਵਿੱਤਰ ਆਤਮਾ ਨੂੰ ਛੁਹਿਆ ਸੀ ਬਾਹਰ ਲੈ ਕੇ ਆਵੇਗੀ।

ਉਹ ਲੂਥਰਨ ਜਿਹੜੇ ਧਰਮੀ ਠਹਿਰਾਏ ਜਾਣ ਦੇ ਵੇਲੇ ਉਸ ਸਾਰੇ ਪ੍ਰਕਾਸ਼ ਦੇ ਨਾਲ ਜੋ ਉਹਨਾਂ ਦੇ ਕੋਲ ਸੀ ਸਥਿਰ ਖੜ੍ਹੇ ਰਹੇ ਸਨ; ਉਹ ਮੇਥੋਡਿਸਟ ਜਿਹੜੇ ਭੁੰਜੇ ਫ਼ਰਸ਼ ਤੇ ਡਿੱਗ ਪਏ ਸਨ, ਅਤੇ ਉਹਨਾਂ ਦੇ ਲੋਕਾਂ ਨੇ ਉਹਨਾਂ ਦੇ ਮੂੰਹ ਤੇ ਪਾਣੀ ਸੁੱਟਿਆ ਸੀ ਅਤੇ ਪਵਿੱਤਰ ਠਹਿਰਾਏ ਜਾਣ ਦੇ ਦੌਰਾਨ ਉਹਨਾਂ ਤੇ ਪਵਿੱਤਰ ਆਤਮਾ ਆ ਰਿਹਾ ਸੀ; ਉਹ ਪੈਂਤੀਕਾਸਤਲ ਜਿਹੜੇ ਉੱਪਰ ਹੇਠਾਂ ਸੜਕਾਂ ਤੇ ਚਲੇ ਫਿਰੇ ਅਤੇ ਲੋਕਾਂ ਨੇ ਉਹਨਾਂ ਨੂੰ "ਅਜੀਬ ਭਾਸ਼ਾਵਾਂ ਬੋਲਣ ਵਾਲੇ" ਅਤੇ, ਔਹ, "ਬੁੜਬੁੜਾਉਣ ਵਾਲੇ" ਅਤੇ "ਹੰਸ ਦੀ ਭਾਸ਼ਾ ਬੋਲਣ ਵਾਲੇ" ਕਿਹਾ ਸੀ। ਅਤੇ ਇਸੇ ਤਰ੍ਹਾਂ ਦੇ ਬਾਕੀ ਸਭ ਲੋਕ; ਉਸ ਪਰਮੇਸ਼ਵਰ ਦੀ ਨਿਗਾਹ ਵਿੱਚ ਧਾਰਮਿਕਤਾ ਵਿੱਚ ਖੜ੍ਹੇ ਹੋਣਗੇ। ਇਹ ਗੱਲ ਬਿਲਕੁਲ ਇਸੇ ਤਰ੍ਹਾਂ ਪੱਕੀ ਹੈ। ਜੇ ਤੁਸੀਂ ਮੇਰੇ ਤੇ ਵਿਸ਼ਵਾਸ ਕਰਦੇ ਹੋ ਕਿ ਮੈਂ ਇੱਕ ਸੇਵਾਦਾਰ ਹਾਂ...ਤੁਸੀਂ ਮੈਨੂੰ

ਉਸਦਾ ਨਬੀ ਕਹਿੰਦੇ ਹੋ; ਮੈਂ ਆਪਣੇ ਆਪ ਨੂੰ ਇਹ ਨਹੀਂ ਕਹਿੰਦਾ ਹਾਂ। ਪਰ ਸੁਣੋ, ਮੈਂ ਤੁਹਾਨੂੰ ਇਹ ਪ੍ਰਭੂ ਦੇ ਨਾਮ ਵਿੱਚ ਦੱਸ ਰਿਹਾ ਹਾਂ। ਉਹ ਜਿਹੜੇ ਮਸੀਹ ਵਿੱਚ ਹਨ ਪਰਮੇਸ਼ਵਰ ਉਹਨਾਂ ਨੂੰ ਕਿਆਮਤ ਦੇ ਸਮੇਂ ਉਸਦੀ ਆਮਦ ਦੇ ਸਮੇਂ ਆਪਣੇ ਨਾਲ ਹੀ ਲੈ ਕੇ ਆਵੇਗਾ। ਅਤੇ ਇਸ ਤਰ੍ਹਾਂ ਸਿਰਫ਼ ਉਹਨਾਂ ਦੇ ਨਾਲ ਹੀ ਹੋਵੇਗਾ ਜਿਹੜੇ ਮਸੀਹ ਵਿੱਚ ਹਨ।

ਸੰਗਤ ਅਸੀਂ ਮਸੀਹ ਵਿੱਚ ਕਿਵੇ ਆਉਂਦੇ ਹਨ?

156 ਇੱਕ ਹੀ ਅੱਕੀਦੇ ਦੇ ਰਾਹੀਂ ਅਸੀਂ ਉਸ ਵਿੱਚ ਜੋੜੇ ਜਾਂਦੇ ਹਾਂ? ਜੀ ਨਹੀਂ। ਕੀ ਅਸੀਂ ਹੱਥ ਮਿਲਾਉਣ ਦੇ ਰਾਹੀ ਉਸਦੇ ਅੰਦਰ ਆਉਂਦੇ ਹਾਂ? ਜੀ ਨਹੀਂ, ਕੀ ਅਸੀਂ ਇੱਕ ਹੀ ਪਾਣੀ ਵਿੱਚ ਬਪਤੀਸਮਾ ਲੈਣ ਦੇ ਦੁਆਰਾ ਉਸ ਦੇ ਵਿੱਚ ਆਉਂਦੇ ਹਾਂ? ਜੀ ਨਹੀਂ। ਜਾਂ ਅਸੀਂ ਉਸ ਵਿੱਚ ਉਸ ਇੱਕ ਜਥੇਬੰਦੀ ਦੇ ਦੁਆਰਾ ਆਉਂਦੇ ਹਾਂ। ਜਿਹਦੇ ਵਿੱਚ ਅਸੀਂ ਜੱਥੇਬੰਦ ਹੁੰਦੇ ਹਾਂ? ਜੀ ਨਹੀਂ।

ਪਰ ਅਸੀਂ ਉਸਦੇ ਅੰਦਰ ਪਹਿਲਾਂ ਕੁਰੰਥੀਆਂ 12:13 ਦੇ ਅਨੁਸਾਰ ਆਉਂਦੇ ਹਾਂ। ਜਿੱਥੇ ਇਹ ਕਿਹਾ ਗਿਆ ਹੈ, "ਇੱਕ ਹੀ ਆਤਮਾ ਅਥਵਾ ਪਵਿੱਤਰ ਆਤਮਾ, ਪਰਮੇਸ਼ਵਰ ਦੇ ਆਤਮਾ ਦੁਆਰਾ ਅਸੀਂ ਸਭਨਾਂ ਨੇ..." ਮੈਥੋਡਿਸਟ, ਲੂਥਰਨ ਪ੍ਰੇਸਬਾਈਟੇਰਿਅਨ, "ਚਾਨਣ ਵਿੱਚ ਚਲੇ ਜਿਵੇਂ ਉਹ ਚਾਨਣ ਵਿੱਚ ਹੈ। ਅਸੀਂ ਇੱਕ ਦੂਸਰੇ ਨਾਲ ਸੰਗਤ ਕੀਤੀ ਅਤੇ ਪਰਮੇਸ਼ਵਰ ਦੇ ਪੁੱਤਰ ਯਿਸੂ ਮਸੀਹ ਦਾ ਲਹੂ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰਦਾ ਹੈ"। "ਇੱਕ ਹੀ ਆਤਮਾ ਦੁਆਰਾ ਅਸੀਂ ਸਭਨਾਂ ਨੇ ਇੱਕ ਹੀ ਦੇਹ ਵਿੱਚ ਬਪਤੀਸਮਾ ਲਿਆ ਹੈ, ਅਤੇ ਅਸੀਂ ਉਹਦੀ ਕਿਰਪਾ ਦੇ ਭਾਗੀ ਹੋਏ ਹਾਂ"।

157 ਤੁਸੀਂ ਨਿਆਂ ਵਿੱਚ ਨਹੀਂ ਜਾ ਸਕਦੇ ਹੋ। "ਉਹ ਜੋ ਮੇਰਾ ਵਚਨ ਸੁਣਦਾ ਹੈ ਅਤੇ ਉਸਦੀ ਪ੍ਰਤੀਤ ਕਰਦਾ ਹੈ"। ਅਤੇ ਕੋਈ ਮਨੁੱਖ ਤਦ ਤਕ ਵਿਸ਼ਵਾਸ ਨਹੀਂ ਕਰ ਸਕਦਾ ਹੈ ਜਦ ਤਕ ਕਿ ਉਸਨੇ ਪਵਿੱਤਰ ਆਤਮਾ ਨਾ ਪਾਇਆ ਹੋਵੇ। "ਅਤੇ ਮੇਰੇ ਭੇਜਣ ਵਾਲੇ ਦੀ ਪ੍ਰਤੀਤ ਕਰਦਾ ਹੈ," ਜਦ ਤਕ ਕਿ ਪਵਿੱਤਰ ਆਤਮਾਂ ਹੀ ਉਸਦੇ ਦੁਬਾਰਾ ਜੀ ਉੱਠਣ ਦੀ ਗਵਾਹੀ ਦਿੰਦਾ ਹੈ। "ਅਨੰਤ ਜੀਵਨ ਉਸਦਾ ਹੈ ਅਤੇ ਉਹ ਨਿਆਂ ਵਿੱਚ ਕਦੇ ਨਹੀਂ ਜਾਵੇਗਾ। ਪਰ ਮੌਤ ਵਿੱਚੋਂ ਪਾਰ ਹੋ ਕੇ ਜੀਵਨ ਵਿੱਚ ਵੜ ਚੁੱਕਾ ਹੈ"। ਇਹ ਕੀ ਹੈ? ਤੁਸੀਂ ਕਦੇ ਵੀ ਨਿਆਂ ਦਾ ਸਾਹਮਣਾ ਨਹੀਂ ਕਰੋਗੇ। ਤੁਸੀਂ ਕਦੇ ਵੀ ਨਿਆਂ ਲਈ ਚਿੱਟੇ ਸਿੰਘਾਸਣ ਦੇ ਅੱਗੇ ਨਹੀਂ ਖੜ੍ਹੇ ਹੋਵੋਗੇ।

ਤੁਸੀਂ ਤਾਂ ਇੱਥੇ ਹੀ ਨਿਆਂ ਦਾ ਸਾਹਮਣਾ ਕਰ ਰਹੇ ਹੋ। ਤੁਸੀਂ ਤਾਂ ਨਿਆਂ ਤੋਂ ਤਦ ਲੰਘ ਜਾਂਦੇ ਹੋ ਜਦ ਤੁਸੀਂ ਕਹਿੰਦੇ ਹੋ, "ਮੇਰੇ ਵਿੱਚ ਕੋਈ ਵੀ ਭਲਾਈ ਨਹੀਂ ਹੈ, ਅਤੇ ਮੇਰੀ ਸਿੱਖਿਆ ਕਿਸੇ ਵੀ ਕੰਮ ਦੀ ਨਹੀਂ ਹੈ। ਪ੍ਰਭੂ ਮੇਰੇ ਅੰਦਰ

ਆ ਜਾਂ। ਮੈਨੂੰ ਕਬੂਲ ਕਰ ਲੈ ਅਤੇ ਮੇਰੀ ਅਗੁਵਾਈ ਕਰ। ਪ੍ਰਭੂ ਮੈਂ ਇਹਦੀ ਪਰਵਾਹ ਨਹੀਂ ਕਰਦਾ ਕਿ ਇਹ ਪਾਗਲ ਦੁਨੀਆਂ ਮੈਨੂੰ ਕੀ ਕਹਿੰਦੀ ਹੈ। ਪ੍ਰਭੂ ਆਪਣੇ ਆਤਮਾ ਨਾਲ ਮੇਰੀ ਅਗੁਵਾਈ ਕਰ"। ਤਦ ਤੁਹਾਡਾ ਨਿਆਂ ਹੋ ਚੁੱਕਾ ਹੁੰਦਾ ਹੈ। ਤੁਸੀਂ ਮਸੀਹ ਲਈ ਆਪਣੇ ਆਪ ਨੂੰ ਮੂਰਖ ਸਮਝੋ ਅਤੇ ਤਦ ਉਸ ਦਿਨ ਤੁਸੀਂ ਉਹਦੀ ਧਾਰਮਿਕਤਾ ਵਿੱਚ ਉਸਦੇ ਵਰਗੇ ਹੋਵੋਗੇ।

158 ਇਸ ਤਰ੍ਹਾਂ ਕਰਨ ਦਾ ਸਿਰਫ਼ ਇੱਕ ਹੀ ਢੰਗ ਹੈ। ਕਿਵੇਂ? "ਅਸੀਂ ਸਭਨਾਂ ਨੇ ਸਿਰਫ਼ ਇੱਕ ਹੀ ਆਤਮਾ ਦੁਆਰਾ ਇੱਕ ਹੀ ਦੇਹ ਵਿੱਚ ਬਪਤੀਸਮਾ ਲਿਆ ਹੈ"। ਅਤੇ ਜਦੋਂ ਅਸੀਂ ਉਸ ਦੇਹ ਵਿੱਚ ਹੁੰਦੇ ਹਾਂ ਤਾਂ ਤੁਸੀਂ ਉਸਨੂੰ ਆਪਣੇ ਪਾਪਾਂ ਦੇ ਲਈ ਇਵਜ ਦੇ ਰੂਪ ਵਿੱਚ ਕਬੂਲ ਕਰ ਚੁੱਕੇ ਹੁੰਦੇ ਹੋ। ਅਤੇ ਉਸ ਦੇਹ ਦਾ ਤਾਂ ਪਹਿਲਾਂ ਹੀ ਨਿਆਂ ਹੋ ਚੁੱਕਿਆ ਹੈ।

ਤੁਸੀਂ ਆਖਦੇ ਹੋ, "ਭਾਈ ਬ੍ਰਾਨਹਮ, ਮੈਂ ਤਾਂ ਉਸ ਤਰ੍ਹਾਂ ਕਰ ਚੁੱਕਾ ਹਾਂ"।

ਫਿਰ, ਜੇ ਪਵਿੱਤਰ ਆਤਮਾ ਵਾਪਿਸ ਆ ਜਾਂਦਾ ਹੈ ਅਤੇ ਤੁਹਾਡੇ ਉੱਤੇ ਇੱਕ ਚਿਨ੍ਹ ਦੇ ਰੂਪ ਵਿੱਚ ਕਿ ਉਹ ਆਤਮਾ ਤੁਹਾਨੂੰ ਮਸੀਹ ਦੇ ਰੂਪ ਵਿੱਚ ਲਿਆ ਚੁੱਕਾ ਹੈ, ਮੋਹਰ ਕਰਦਾ ਹੈ। ਅਤੇ ਤੁਸੀਂ ਅਪਣਾ ਰਸਤਾ ਬਦਲ ਲੈਂਦੇ ਹੋ। ਅਤੇ ਤੁਸੀਂ ਮਸੀਹ ਯਿਸੂ ਵਿੱਚ ਇੱਕ ਨਵੀਂ ਸਰਿਸ਼ਟ ਹੋ। "ਤੁਸੀਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਵੜ ਚੁੱਕੇ ਹੋ। ਪੁਰਾਣੀਆਂ ਗੱਲਾਂ ਜਾਂਦੀਆਂ ਰਹੀਆਂ ਪਰ ਤੁਸੀਂ ਮਸੀਹ ਵਿੱਚ ਇੱਕ ਨਵੀਂ ਰਚਨਾ ਹੋ!" ਆਮੀਨ!

159 ਔਹ, ਮੇਰੇ ਮਸੀਹ ਭਾਈ ਜਾਂ ਭੈਣ ਕਿਰਪਾ ਕਰਕੇ ਮੈਨੂੰ ਇਹਦੇ ਤੇ ਜੋਰ ਦੇਣ ਦਿਓ। ਤੁਸੀਂ ਇਸ ਬੇਦਾਰੀ ਨੂੰ ਆਪਣੇ ਕੋਲੋਂ ਲੰਘ ਨਾ ਜਾਣ ਦਿਓ। ਤੁਹਾਨੂੰ ਪਵਿੱਤਰ ਆਤਮਾ ਜਰੂਰ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਇਹ ਕੀ ਹੈ? ਇਹ ਖੁਦਾ ਦਾ ਆਤਮਾ ਹੈ। ਇਹ ਕਿਸ ਲਈ ਹੈ? ਤਾਂ ਕਿ ਤੁਹਾਡੀ ਅਗੁਵਾਈ ਕਰੇ, ਤੁਹਾਨੂੰ ਚਲਾਵੇ, ਤੁਹਾਨੂੰ ਭਰ ਦੇਵੇ, ਤੁਹਾਨੂੰ ਪਵਿੱਤਰ ਕਰੇ ਅਤੇ ਤੁਹਾਨੂੰ ਬਾਹਰ ਬੁਲਾ ਕੇ ਕਲੀਸੀਆ ਅੰਦਰ ਲੈ ਕੇ ਜਾਵੇ।

ਇਹ ਕੀ ਹੈ, *ਕਲੀਸੀਆ* ਸ਼ਬਦ ਦਾ ਅਰਥ ਕੀ ਹੈ? "ਬਾਹਰ ਬੁਲਾਏ ਗਏ, ਅਲੱਗ ਕਿਤੇ ਹੋਏ ਲੋਕ"। ਔਹ, ਮੈਂ ਕਿਵੇਂ ਉਸ ਗੱਲ ਤੋਂ ਇੱਕ ਸੰਦੇਸ਼ ਲਿਆ ਸਕਦਾ ਹਾਂ! "ਬਾਹਰ ਬੁਲਾਏ ਹੋਏ, ਅਲੱਗ ਕੀਤੇ ਹੋਏ," ਪ੍ਰਦੇਸ਼ੀ, ਅਤੇ ਇਹ ਮੰਨਦੇ ਹਨ ਕਿ ਇੱਥੇ ਕੋਈ ਦੁਨਿਆਵੀ ਨਗਰ ਨਹੀਂ ਹੈ, ਜਿਹਦੇ ਵਿੱਚ ਅਸੀਂ ਰਹਿਣ ਦੀ ਇੱਛਿਆ ਕਰੀਏ। ਹੇ, ਮੇਰੇ ਪਰਮੇਸ਼ਵਰ!

160 ਜਿਵੇਂ ਅਬਰਾਹਾਮ, ਇਸਹਾਕ, ਅਤੇ ਯਾਕੂਬ, ਮੁਸਾਫ਼ਿਰ ਸਨ, ਅਤੇ ਧਰਤੀ ਦੇ ਤੰਬੂਆਂ ਵਿੱਚ ਰਹਿੰਦੇ ਸਨ। ਉਹ ਇਹ ਮੰਨਦੇ ਸਨ ਕਿ ਉਹ ਮੁਸਾਫ਼ਿਰ ਅਤੇ ਪ੍ਰਦੇਸ਼ੀ ਸਨ ਉਹਨਾਂ ਦੇ ਵਾਰਿਸ ਜੋ; ਆਪਣੇ ਪਿਤਾ ਦੇ ਅਧਿਕਾਰੀ ਸਨ ਆਪਣੇ

ਆਪ ਨੂੰ ਇਸੇ ਤਰ੍ਹਾਂ ਹੀ ਮੰਨਦੇ ਸਨ। ਅਤੇ ਅਸੀਂ ਉਹਨਾਂ ਦੀ ਹੀ ਸੰਤਾਨ ਹਾਂ। "ਅਤੇ ਉਹ ਉਸ ਨਗਰ ਦੀ ਖੋਜ ਵਿੱਚ ਲੱਗੇ ਰਹੇ ਜਿਹਦਾ ਬਣਾਉਣ ਵਾਲਾ ਅਤੇ ਰਚਣ ਵਾਲਾ ਪਰਮੇਸ਼ਵਰ ਸੀ"। ਆਮੀਨ। ਉਹ ਭਾਲ ਰਹੇ ਸਨ।

161 ਅਤੇ ਅੱਜ ਉਨ੍ਹਾਂ ਦੀ ਸੰਤਾਨ ਹਾਲੇ ਵੀ ਉਸੇ ਨਗਰ ਦੇ ਆਉਣ ਦੀ ਉਡੀਕ ਕਰ ਰਹੀ ਹੈ ਅਤੇ ਕਹਿ ਰਹੀ ਹੈ, "ਮੈਂ ਇਸ ਦੁਨੀਆਂ ਦੇ ਸਰੂਪ ਨਹੀਂ ਹੋਣਾ ਚਾਹੁੰਦਾ ਹਾਂ। ਮੇਰਾ ਇਸ ਦੁਨੀਆਂ ਨਾਲ ਕੁਝ ਵੀ ਲੈਣਾ ਦੇਣਾ ਨਹੀਂ ਹੈ। ਮੈਂ ਤਾਂ ਉਸ ਵਰਗਾ ਕਾਰ ਨਗਰ ਦਾ ਰਾਹ ਵੇਖ ਰਿਹਾ ਹਾਂ। ਮੈਂ ਉਸ ਨਗਰ ਦਾ ਰਾਹ ਵੇਖ ਰਿਹਾ ਹਾਂ ਜਿੱਥੇ ਅਨੰਤ ਜੀਵਨ ਹੋਵੇਗਾ। ਜਿੱਥੇ ਕਦੇ ਵੀ ਸੂਰਜ ਨਹੀਂ ਡੁੱਬੇਗਾ, ਜਿੱਥੇ ਕੋਈ ਵੀ ਬੁੱਢਾ ਨਹੀਂ ਹੋਵੇਗਾ। ਜਿੱਥੇ ਕਦੇ ਦਰਵਾਜੇ ਦੀ ਕੁੰਢੀ ਤੇ ਮਾਤਮਾਂ ਦਾ ਕਪੜਾ ਨਹੀਂ ਪਿਆ ਹੋਵੇਗਾ। ਜਾਂ ਪਹਾੜੀ ਵੱਲ ਕੋਈ ਕਬਰ ਨਾ ਹੋਵੇਗੀ। ਮੈਂ ਉਸ ਨਗਰ ਦੀ ਉਡੀਕ ਕਰ ਰਿਹਾ ਹਾਂ ਜਿਹਦਾ ਬਣਾਉਣ ਵਾਲਾ ਅਤੇ ਰਚਣ ਵਾਲਾ ਪਰਮੇਸ਼ਵਰ ਹੈ"।

162 ਇਸ ਨੂੰ ਲੱਭਣ ਦਾ ਸਿਰਫ਼ ਇੱਕੋ ਹੀ ਤਰੀਕਾ ਹੈ। "ਇੱਕ ਪਹਾੜ ਵਿੱਚੋਂ ਬਿਨਾਂ ਹੱਥ ਲਾਏ ਇੱਕ ਪੱਥਰ ਨਿਕਲਿਆ ਸੀ। ਜੋ ਧਰਤੀ ਦੇ ਉੱਤੇ ਲ਼ੁਡਕਦਾ ਹੈ, ਤੇ ਉਸਨੂੰ ਖਤਮ ਕਰ ਦਿੰਦਾ ਹੈ। ਅਤੇ ਉਹ ਕਣਕ ਵਰਗੇ...ਪੀੜ ਦੀ ਤੂੜੀ ਵਾਂਗ ਜੋ ਹਵਾ ਨਾਲ ਉਡਾਈ ਜਾਂਦੀ ਹੈ ਬਣ ਗਏ"। ਇਹ ਪੱਥਰ ਯਿਸੂ ਮਸੀਹ ਸੀ; ਜੋ ਸੰਸਾਰ ਦੇ ਲਈ ਠੋਕਰ ਦਾ ਕਾਰਣ ਸੀ। ਇੱਕ ਵਿਰੋਧੀ ਪੱਥਰ ਸੀ। ਹਾਸੇ ਦਾ ਕਾਰਣ ਸੀ। ਚਰਚ ਲਈ ਠੋਕਰ ਲੱਗਣ ਦਾ ਕਾਰਣ ਸੀ; ਪਰ ਵਿਸ਼ਵਾਸੀ ਲਈ ਅਨਮੋਲ ਅਤੇ ਸਥਿਰ ਪੱਥਰ ਭਰੋਸੇ ਦਾ ਪੱਥਰ, ਆਰਾਮ ਦਾ ਪੱਥਰ ਹੈ। ਹੇ, ਮੇਰੇ ਖੁਦਾ!

ਆਰਾਮ! ਮੈਂ ਜਾਣਦਾ ਸੀ ਕਿ ਮੈਂ ਮੌਤ ਨੂੰ ਪਾਰ ਹੋ ਕੇ ਜੀਵਨ ਵਿੱਚ ਵੜ ਚੁੱਕਾ ਹਾਂ। ਮੇਰਾ ਪ੍ਰਾਨ ਆਰਾਮ ਕਰ ਰਿਹਾ ਹੈ। ਔਹ! "ਹੇ ਸਾਰੇ ਥਕੇ ਅਤੇ ਭਾਰ ਦੱਬੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦਿਆਂਗਾ"। "ਇੱਕ-ਇੱਕ ਚਿਨ੍ਹ ਜਿਹਦੇ ਬਾਰੇ ਵਿੱਚ ਬੁਰੀਆਂ ਗੱਲਾਂ ਕੀਤੀਆਂ ਜਾਣਗੀਆਂ"। ਨਬੀ ਨੇ ਮਰੀਆਂ ਨੂੰ ਕਿਹਾ ਸੀ। ਉਹ ਇੱਕ ਚਿਨ੍ਹ ਹੋਵੇਗਾ। ਹਾਂ ਯਕੀਨਨ ਉਹ ਇੱਕ ਨਿਸ਼ਾਨ ਹੋਵੇਗਾ। ਪਰ ਉਹ ਇੱਕ ਭਰੋਸਾ ਹੋਵੇਗਾ। ਉਹ ਪਿਆਰ ਹੋਵੇਗਾ। ਇਹ ਸੰਤੁਸ਼ਟੀ ਹੋਵੇਗਾ। ਇਹ ਕੋਈ ਅਜਿਹੀ ਗੱਲ ਹੋਵੇਗੀ, ਜਿਹਦੇ ਨਾਲ ਤੁਸੀਂ ਜਾਣ ਜਾਓਗੇ ਕਿ ਤੁਸੀਂ ਮੌਤ ਤੋਂ ਪਾਰ ਹੋ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕੇ ਹੋ।

163 ਮੇਰੇ ਭਾਈਓ, ਮੇਰਿਓ ਭੈਣੋ; ਤੁਹਾਡਾ ਭਾਈ ਹੋਣ ਦੇ ਨਾਤੇ, ਮਸੀਹ ਵਿੱਚ ਤੁਹਾਡਾ ਦਾਸ ਹੋਣ ਦੇ ਨਾਤੇ ਮੈਨੂੰ ਪੂਰੇ ਹਿਰਦੈ ਤੋਂ ਤੁਹਾਡੇ ਤੇ ਜੋਰ ਦੇਣ ਦਿਓ। ਇਸ ਗੱਲ ਨੂੰ ਆਪਣੇ ਉੱਤੋਂ ਦੀ ਲੰਘ ਨਾ ਜਾਣ ਦਿਓ। ਨਾ ਹੀ ਆਪਣੇ ਥੱਲੀਓ

ਹੀ ਜਾਣ ਦਿਓ। ਇਸ ਨੂੰ ਆਪਣੇ ਦਿਲ ਵਿੱਚ ਕਬੂਲ ਕਰ ਲਓ। ਤਾਂ ਤੁਸੀਂ ਦੁਨੀਆਂ ਦੇ ਖੁਸ਼ਹਾਲ ਮਨੁੱਖ ਹੋਵੋਗੇ।

ਮੈਂ ਤੁਹਾਡੇ ਨਾਲ ਇਸ ਗੱਲ ਦਾ ਵਾਦਾ ਨਹੀਂ ਕਰ ਰਿਹਾ ਹਾਂ, ਕਿ ਤੁਸੀਂ ਕਰੋੜਾਂ ਪਤੀ ਹੋ ਜਾਵੋਗੇ। ਨਹੀਂ ਜੀ ਸ਼੍ਰੀਮਾਨ। ਭਾਈ ਲੀਓ ਮੈਂ ਸੋਚਦਾ ਹਾਂ ਕਿ ਅੱਜ ਇਸਦਾ ਬਹੁਤ ਵਾਦਾ ਕੀਤਾ ਜਾਂਦਾ ਹੈ, ਇਹ ਤਾਂ ਹੋਰ ਲੋਕ ਹਨ ਜੋ ਆਖਦੇ ਹਨ ਕਿ ਤੁਹਾਨੂੰ “ਲੱਖਾਂ ਡਾਲਰ” ਮਿਲ ਜਾਣਗੇ। ਜੇ ਤੁਸੀਂ ਮਸੀਹੀ ਹੋ ਤਾਂ ਤੁਹਾਡੇ ਕੋਲ ਕਰੋੜਾਂ ਰੁਪਏ ਹੋ ਜਾਣਗੇ। ਅਤੇ ਤੁਸੀਂ ਇੱਕ ਆਮਿਰ ਆਦਮੀ ਬਣ ਜਾਵੋਗੇ। ਮੈਂ ਤੁਹਾਡੇ ਨਾਲ ਇਸ ਤਰ੍ਹਾਂ ਦਾ ਕੋਈ ਵਾਇਦਾ ਨਹੀਂ ਕਰ ਰਿਹਾ ਹਾਂ। ਮੈਂ ਤਾਂ ਤੁਹਾਡੇ ਨਾਲ ਇਸ ਗੱਲ ਦਾ ਵਾਇਦਾ ਕਰ ਰਿਹਾ ਹਾਂ।

ਮੈਂ ਤਾਂ ਸਿਰਫ਼ ਇਸ ਗੱਲ ਦਾ ਹੀ ਤੁਹਾਡੇ ਨਾਲ ਵਾਇਦਾ ਕਰ ਸਕਦਾ ਹਾਂ ਜੋ ਕਿ ਉਸਦੀ ਮੁਕਤੀ ਹੈ। ਉਸਦੀ ਕਿਰਪਾ ਹਰ ਇੱਕ ਪ੍ਰੀਖਿਆ ਲਈ ਕਾਫੀ ਹੈ। ਪੈਂਤੀਕੁਸੱਤ ਦੇ ਦਿਨ ਉਹਨਾਂ ਨੇ ਉਹ ਨਹੀਂ ਚਾਹਿਆ ਸੀ ਜੋ ਉਨ੍ਹਾਂ ਦੇ ਕੋਲ ਸੀ। ਹੁਣ ਤੁਸੀਂ ਕੀ ਲੱਖਾਂ ਪਤੀ ਹੋਣ ਦੀਆਂ ਗੱਲਾਂ ਕਰ ਰਹੇ ਹੋ? ਭੈਣ ਐਗੀ, ਉਹ ਇਹ ਨਹੀਂ ਚਾਹੁੰਦੇ ਸਨ ਜੋ ਬਾਕੀ ਲੋਕਾਂ ਕੋਲ ਹੈ।

164 ਮੈਂ ਤੈਨੂੰ ਅਤੇ ਗਰੇਟੀ ਨੂੰ, ਗੀਤ ਗਾਉਣਦੇ ਹੋਏ ਸੁਣਨਾ ਚਾਹੁੰਦਾ ਹਾਂ। [ਉਹ ਕਿੱਥੇ ਹੈ?] *ਘਰ ਜਾਣ ਦਾ ਸਪਤਾਹ*, ਇਨ੍ਹਾਂ ਦਿਨਾਂ ਵਿੱਚ ਕਿਸੇ ਦਿਨ। ਬਹੁਤ ਸਾਰੇ ਉਸ ਸੀਮਾ ਰੇਖਾ ਨੂੰ ਪਾਰ ਕਰ ਚੁੱਕੇ ਹੋਣਗੇ। ਔਹ, ਮੇਰੇ ਪ੍ਰਭੂ!

ਉਹਨਾਂ ਨੇ ਵੱਡੀਆਂ ਵੱਡੀਆਂ ਚੀਜਾਂ ਨਹੀਂ ਮੰਗੀਆਂ ਸਨ, ਦੋਸਤੋ। ਉਹ ਪੈਸੇ ਨਹੀਂ ਮੰਗਦੇ ਸਨ। ਕਿਉਂ, ਪਤਰਸ ਨੇ ਕਿਹਾ, “ਸੋਨਾ ਅਤੇ ਚਾਂਦੀ ਤਾਂ ਮੇਰੇ ਕੋਲ ਨਹੀਂ ਹੈ, ਪਰ ਜੋ ਕੁਝ ਮੇਰੇ ਕੋਲ ਹੈ ਮੈਂ ਤੈਨੂੰ ਦਿੰਦਾ ਹਾਂ”।

ਅਤੇ ਦੋਸਤੋ, ਅੱਜ ਰਾਤ ਮੈਂ ਆਖਦਾ ਹਾਂ। ਉਹ ਆਨੰਦ, ਉਹ ਪਿਆਰ, ਉਹ ਭਰੋਸਾ, ਜੋ ਮੇਰੇ ਕੋਲ ਮਸੀਹ ਹੈ ਤੇ ਉਸਦਾ ਜੀ ਉੱਠਣਾ ਹੈ, ਮੇਰੇ ਕੋਲ ਜੋ ਵੀ ਹੈ, ਉਹੀ ਮੈਂ ਤੁਹਾਨੂੰ ਦਿੰਦਾ ਹਾਂ; ਮੈਂ ਤੁਹਾਨੂੰ ਦਿੰਦਾ ਹਾਂ, ਪਰਮੇਸ਼ਵਰ ਦੇ ਬੱਚਿਆਂ ਵਾਂਗ।

ਅਤੇ ਜੇ ਪਰਮੇਸ਼ਵਰ ਤੁਹਾਨੂੰ ਬੁਲਾਉਂਦਾ ਹੈ ਤਾਂ ਤੁਸੀਂ ਆਓ ਅਤੇ ਸਲੀਬ ਕੋਲੋਂ ਖੜ੍ਹੇ ਰਹੋ, ਅਤੇ ਉੱਥੋਂ ਨਾ ਜਾਓ। ਜਦ ਕਲ ਰਾਤ ਤੁਸੀਂ ਇੱਥੇ ਆਉਂਦੇ ਹੋ ਤਾਂ ਤੁਸੀਂ ਇੱਥੇ ਅੰਦਰ ਜਾਣ ਲਈ, ਅਤੇ ਜਦ ਤਕ ਇਹ ਸਮਾਪਤ ਨਹੀਂ ਹੋ ਜਾਂਦੀ ਹੈ; ਅਤੇ ਅਸੀਂ ਤੁਹਾਡੇ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕਰਨ ਜਾ ਰਹੇ ਹਾਂ। ਜਾਓ...ਇਹ ਬਾਈਬਲ ਦਾ ਨਿਯਮ ਹੈ, ਪਵਿੱਤਰ ਆਤਮਾ ਦੇ ਲਈ ਉਹਨਾਂ ਦੇ ਉੱਤੇ ਹੱਥ ਰੱਖਣਾ। ਅਤੇ ਫਿਰ ਅਸੀਂ ਘਰ ਜਾ ਰਹੇ ਹਾਂ, ਤੁਸੀਂ ਆਪਣੇ ਘਰ ਜਾਓ...ਜੇ ਤੁਸੀਂ ਉੱਥੇ ਹੀ ਰੁਕੇ ਰਹੋ, ਤੁਸੀਂ ਸਾਰੀ ਰਾਤ ਉੱਥੇ

ਹੀ ਰੁਕੇ ਰਹੋ, ਅਗਲੇ ਦਿਨ ਉੱਥੇ ਹੀ ਰੁਕੇ ਰਹੋ, ਆਪਣੀਆਂ ਛੁੱਟੀਆਂ ਵਿੱਚ ਉੱਥੇ ਹੀ ਰੁਕੇ ਰਹੋ। ਸਾਲ ਦੀ ਪਹਿਲੀ ਤਰੀਕ ਤਕ ਉੱਥੇ ਹੀ ਰੁਕੇ ਰਹੋ, ਤੁਸੀਂ ਉੱਥੇ ਤਦ ਤਕ ਰੁਕੇ ਰਹੋ ਜਦ ਤਕ ਕਿ ਤੁਹਾਨੂੰ ਪਵਿੱਤਰ ਆਤਮਾ ਨਹੀਂ ਮਿਲ ਜਾਂਦਾ ਹੈ।

165 ਕਲ ਰਾਤ, ਅਸੀਂ ਜੋ ਵੀ ਹਦਾਇਤਾਂ ਤੁਹਾਨੂੰ ਬਾਈਬਲ ਵਿੱਚੋਂ ਵਿਖਾਉਂਦੇ ਹਾਂ ਕਿ ਕੀ ਹੋਣ ਵਾਲਾ ਹੈ ਤੇ ਕੀ ਹੋਵੇਗਾ। ਅਤੇ ਜਦ ਇਹ ਆਉਂਦਾ ਹੈ ਤਾਂ ਕੋਈ ਵੀ ਸ਼ੈਤਾਨ ਤੁਹਾਨੂੰ ਦੁਖ ਨਹੀਂ ਦੇ ਸਕਦਾ...ਤੁਸੀਂ ਜਾਂਦੇ ਹੋ ਕਿ ਤੁਸੀਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕੇ ਹੋ। ਯਿਸੂ ਮਸੀਹ ਵਿੱਚ ਤੁਸੀਂ ਇੱਕ ਨਵੀਂ ਸ੍ਰਿਸ਼ਟੀ ਹੋ। ਸੁਰਗ ਦੇ ਆਨੰਦ ਦੀਆਂ ਘੰਟੀਆਂ ਵਜਣਗੀਆਂ।

166 ਭਾਈ ਓਥਲ, ਮੈਂ ਤੁਹਾਨੂੰ ਦੱਸਦਾ ਹਾਂ, ਕਿ ਇਹ ਤੁਹਾਨੂੰ ਜੋਸ਼ ਨਾਲ ਭਰ ਦੇਵੇਗਾ। ਇੱਥੇ ਇੱਕ ਬਜੁਰਗ ਬੈਠਾ ਹੈ, ਇਹ ਮੇਰਾ ਇੱਕ ਪੁਰਾਣੀ ਭਾਈ ਹੈ, ਜੋ ਆਪਣੇ ਦੁਆਲੇ ਬੰਦੂਕਾਂ ਲਟਕਾ ਕੇ ਘੁੰਮਦਾ ਸੀ, ਉਹ ਇੱਕ ਗੈਂਗਸਟਰ ਸੀ। ਉਹ ਇੱਥੇ ਉੱਥੇ ਨੁੱਕਰ ਵਿੱਚ ਕਿਸੇ ਨੁੱਕਰ ਵਿੱਚ ਕਿਸੇ ਆਦਮੀ ਨੂੰ ਲੱਭ ਰਿਹਾ ਸੀ ਤਾਂ ਕਿ ਇਹ ਉਸ ਦੇ ਸਿਰ ਨੂੰ ਹੀ ਉਡਾ ਦੇਵੇ। ਅਤੇ ਕੀ ਹੋਇਆ ਸੀ? ਇੱਕ ਦਿਨ ਉਸਨੇ ਵੇਖਿਆ ਅਤੇ ਅਨੰਤ ਜੀਵਨ ਤੇ ਨਿਹਚਾ ਕੀਤੀ। ਅਤੇ ਉਹ ਅੱਗੇ ਵੱਧਿਆ। ਅਤੇ ਮੇਰੀਆਂ ਸੰਗਤਾਂ ਵਿੱਚ ਆਇਆ। ਅਤੇ ਉਹ ਬੇਚਾਰਾ ਲੜਕਾ ਜਿਹਦੇ ਕੋਲ ਖਾਣ ਨੂੰ ਰੋਟੀ ਵੀ ਨਹੀਂ ਸੀ। ਅਤੇ ਉਹ ਤੰਬੂ ਦੇ ਇੱਕ ਪਾਸੇ ਝਾੜੀਆਂ ਵਿੱਚ ਲੰਮਾ ਪਿਆ ਅਤੇ ਸੁੱਤਾ, ਉਹਨੂੰ ਭੁੱਖ ਅਤੇ ਪਿਆਸ ਲੱਗੀ ਹੋਈ ਸੀ। ਅਤੇ ਇੱਕ ਦਿਨ ਪਵਿੱਤਰ ਆਤਮਾ ਆਇਆ। ਹੇ ਮੇਰੇ ਭਾਈ, ਇਸਨੇ ਤੁਹਾਨੂੰ ਬਦਲ ਦਿੱਤਾ ਸੀ, ਕੀ ਇਸ ਤਰ੍ਹਾਂ ਨਹੀਂ ਹੋਇਆ ਸੀ? ਉਹ ਜੀਵਨ ਲੈ ਕੇ ਆਇਆ ਅਤੇ ਮੌਤ ਨੂੰ ਦੂਰ ਕਰ ਦਿੱਤਾ। ਈਰਖਾ ਚਲੀ ਗਈ ਅਤੇ ਪਿਆਰ ਅੰਦਰ ਆ ਗਿਆ। ਹੇ, ਮੇਰੇ ਪ੍ਰਭੂ! ਦੁਸ਼ਮਣੀ ਅਤੇ ਨਫ਼ਰਤ ਸਭ ਖਤਮ ਹੋ ਗਈ; ਨਵਾਂ ਜਨਮ ਅੰਦਰ ਆ ਗਿਆ।

ਦੂਸਰਿਆਂ ਸਮਿਆਂ ਵਿੱਚ, ਦੂਸਰਿਆਂ ਲੋਕਾਂ ਤੇ, ਧਿਆਨ ਦਿਓ ਕਿ ਉਹਨਾਂ ਦੇ ਨਾਲ ਕੀ ਹੋਇਆ। ਔਹ, ਸੁਰਗੀ ਆਨੰਦ ਦੀਆਂ ਘੰਟੀਆਂ ਵਜ ਰਹੀਆਂ ਸਨ। ਦੋਸਤੋ, ਇਸਨੂੰ ਪ੍ਰਗਟ ਕਰਨ ਦਾ ਮੇਰੇ ਕੋਲ ਕੋਈ ਢੰਗ ਨਹੀਂ ਹੈ।

167 ਸੁਣੋ, ਹੋ ਸਕਦਾ ਹੈ ਕਿ ਮੈਂ ਇਹਨੂੰ ਛੱਡ ਦਿਆਂ, ਕੀ ਤੁਸੀਂ ਮੇਰੀ ਗਵਾਹੀ ਦੀ ਨਿਹਚਾ ਕੀਤੀ ਹੈ ਕਿ ਮੈਂ ਮਸੀਹ ਦਾ ਸੇਵਕ ਹਾਂ ਅਤੇ ਮੈਂ ਤੁਹਾਨੂੰ ਪਰਮੇਸ਼ਵਰ ਦੀ ਬਾਈਬਲ ਵਿੱਚੋਂ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸੱਚ ਹੈ। ਜੇ ਇਹਦੇ ਬਾਰੇ ਵਿੱਚ ਮੇਰੀਆਂ ਗੱਲਾਂ ਅਜੀਬ ਲੱਗਦੀਆਂ ਹਨ ਤਾਂ ਤੁਸੀਂ ਸਾਇੰਸ ਦੇ ਜਗਤ ਵਿੱਚ ਉਸ ਤਸਵੀਰ ਵੱਲ ਵੇਖੋ। ਤੁਸੀਂ ਫਲਾਂ ਵੱਲ ਧਿਆਨ

ਦਿਓ, ਇਸ ਅੱਗ ਦੇ ਖੰਭੇ ਦੇ ਫਲ ਵੱਲ ਧਿਆਨ ਦਿਓ ਜਿਸਨੇ ਇਸਰਾਇਲੀ ਬੱਚਿਆਂ ਦੀ ਅਗੁਵਾਈ ਕੀਤੀ ਸੀ। ਇਸ ਲਈ ਵੇਖੋ ਇਹ ਹੀ ਕਰਦਾ ਹੈ, ਇਹ ਹੀ ਦੱਸਦਾ ਹੈ।

ਇਹ ਮੈਂ ਨਹੀਂ ਹਾਂ ਜੋ ਬੋਲਦਾ ਹਾਂ; ਇਹ ਤਾਂ ਉਹ ਹੈ ਜੋ ਤੁਹਾਡੇ ਵਿੱਚੋਂ ਦੀ ਹੋ ਕੇ ਬੋਲਦਾ ਹੈ। ਇਹ ਮੈਂ ਨਹੀਂ ਹਾਂ ਜੋ ਦਰਸ਼ਨ ਵੇਖਦਾ ਹਾਂ; ਇਹ ਤਾਂ ਉਹ ਹੈ ਜੋ ਤੁਹਾਡੇ ਵਿੱਚੋਂ ਦੀ ਹੋ ਕੇ ਬੋਲਦਾ ਹੈ। ਇਹ ਮੈਂ ਨਹੀਂ ਹਾਂ ਜੋ ਬਿਮਾਰਾਂ ਨੂੰ ਚੰਗਿਆਂ ਕਰਦਾ ਹਾਂ; ਇਹ ਤਾਂ ਉਹ ਹੈ ਜੋ ਤੁਹਾਡੇ ਵਿੱਚ ਹੈ, ਇਹ ਮੈਂ ਨਹੀਂ ਹਾਂ ਜੋ ਪ੍ਰਚਾਰ ਕਰਦਾ ਹਾਂ; ਮੈਂ ਇੱਕ ਪਿਛੜਿਆ ਹੋਇਆ ਡਰਪੋਕ ਹਾਂ, ਅਤੇ ਇਸ ਵਿਚਾਰ ਤੋਂ ਭੱਜਦਾ ਹਾਂ, ਪਰ ਇਹ ਤਾਂ ਉਹ ਹੈ ਜੋ ਮੇਰੇ ਵਿੱਚ ਦੀ ਹੋ ਕੇ ਬੋਲਦਾ ਹੈ। ਮੈਂ ਵਚਨ ਨਹੀਂ ਜਾਣਦਾ ਹਾਂ, ਪਰ ਉਹ ਵਚਨ ਜਾਣਦਾ ਹੈ। ਬਸ ਇਹੀ ਗੱਲ ਹੈ। ਇਸੇ ਤਰ੍ਹਾਂ ਹੀ ਹੈ।

ਅਤੇ ਉਹ ਉੱਥੇ ਹੈ। ਅਤੇ ਉਹ ਪ੍ਰਭੂ ਦਾ ਦੂਤ ਅੱਜ ਰਾਤ ਇੱਥੇ ਭਵਨ ਵਿੱਚ ਹੈ। [ਭਾਈ ਬ੍ਰਾਨਹਮ ਪੁਲਪਿਟ ਖੜਕਾਉਂਦੇ ਹਨ—ਸੰਪਾ] ਔਹ, ਮੈਂ ਉਸਦੇ ਨਾਲ ਕਿੰਨਾ ਪਿਆਰ ਕਰਦਾ ਹਾਂ!

168 ਹੁਣ ਕਿੰਨੇ ਲੋਕ ਪਵਿੱਤਰ ਆਤਮਾ ਪਾਉਣਾ ਚਾਹੁੰਦੇ ਹਨ? ਆਪਣੇ ਜੀਵਨਾਂ ਦੀ ਪਰਖ ਕਰੋ। ਕਿੰਨਿਆਂ ਨੇ ਪਵਿੱਤਰ ਆਤਮਾ ਨਹੀਂ ਪ੍ਰਾਪਤ ਕੀਤਾ ਹੈ ਅਤੇ ਇਸਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ? ਆਪਣੇ ਹੱਥ ਖੜ੍ਹੇ ਕਰੋ, ਅਤੇ ਕਹੋ, "ਭਾਈ ਬ੍ਰਾਨਹਮ ਮੈਂ ਆਪਣੇ ਦਿਲ ਦੀ ਗਹਿਰਾਈ ਤੋਂ ਪਵਿੱਤਰ ਆਤਮਾ ਪਾਉਣਾ ਚਾਹੁੰਦਾ ਹਾਂ"। ਹਰ ਜਗ੍ਹਾ, ਪਰਮੇਸ਼ਵਰ ਤੁਹਾਨੂੰ ਬਰਕਤ ਦੇਵੇ।

169 ਤੁਹਾਡੇ ਵਿੱਚੋਂ ਕਿੰਨਿਆਂ ਨੇ ਪਵਿੱਤਰ ਆਤਮਾ ਪਾਇਆ ਹੈ, ਅਤੇ ਉਹ ਉਸੇ ਤਰ੍ਹਾਂ ਕਹਿਣਾ ਚਾਹੁੰਦੇ ਹਨ ਜਿਵੇਂ ਰਸੂਲਾਂ ਨੇ ਰਸੂਲਾਂ ਦੇ ਕਰਤਬ 4 ਵਿੱਚ ਕਿਹਾ ਸੀ, "ਪ੍ਰਭੂ, ਹੇ ਪ੍ਰਭੂ, ਤੂੰ ਅਪਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇ, ਅਤੇ ਤੇਰੇ ਪਵਿੱਤਰ ਸੇਵਕ ਯਿਸੂ ਦੇ ਨਾਮ ਤੋਂ ਅਚੰਭੇ ਅਤੇ ਨਿਸ਼ਾਨ ਪ੍ਰਗਟ ਹੋਣ ਅਤੇ ਮੈਨੂੰ ਅੱਤ ਦਲੇਰੀ ਅਤੇ ਪਿਆਰ ਅਤੇ ਨਵਾਂ ਮਸਾ ਦੇ ਕਿ ਮੈਂ ਪ੍ਰਚਾਰ ਕਰਾਂ"? ਹਾਂ, ਮੈ ਇੱਥੇ ਹਾਂ, ਪਰਮੇਸ਼ਵਰ ਮੈਨੂੰ ਇਹ ਦੇ ਦਿੱਤਾ ਜਾਵੇ।

ਆਓ ਅਸੀਂ ਪੂਰੀ ਇਮਾਨਦਾਰੀ ਨਾਲ ਆਪਣੇ ਸਿਰਾਂ ਨੂੰ ਝੁਕਾਈਏ, ਹਰੇਕ ਆਦਮੀ ਜਿਹਨੇ ਆਪਣੇ ਹਿਰਦੇ ਵਿੱਚ ਕੋਈ ਇੱਛਾ ਰੱਖੀ ਹੋਈ ਹੈ।

170 ਪ੍ਰਭੂ ਯਿਸੂ, ਅੱਜ ਰਾਤ ਵਚਨ ਅਤੇ ਪਵਿੱਤਰ ਆਤਮਾ ਦੇ ਨਾਲ ਸੰਗਤ ਕਰਨ ਤੋਂ ਬਾਅਦ ਅਸੀਂ ਇਸ ਛੋਟੇ ਜਿਹੇ ਇਕੱਠ ਦਾ ਖਾਤਮਾ ਕਰਦੇ ਹਾਂ। ਉਸਨੇ ਕਿਵੇਂ ਸਾਨੂੰ ਬਰਕਤ ਦਿੱਤੀ ਹੈ ਅਤੇ ਆਪਣੇ ਵਚਨ ਦੇ ਤੇਲ ਨੂੰ ਸਾਡੇ ਦਿਲਾਂ ਵਿੱਚ ਭਰਿਆ ਹੈ! ਇੱਥੇ ਸੇਵਾਦਾਰ ਅਤੇ ਲੋਕ ਹਨ, ਜੋ ਜੀਵਨ ਦੇ ਹਰੇਕ

ਰਅਹ ਉੱਤੇ ਚਲੇ ਹਨ ਅਤੇ ਉਹ ਵੇਖ ਅਤੇ ਪਰਖ ਚੁੱਕੇ ਹਨ ਕਿ ਖੁਦਾ ਕਿੰਨਾ ਭਲਾ ਹੈ। ਹੁਣ ਅਸੀਂ ਜਾਣਦੇ ਹਾਂ ਕਿ ਪਵਿੱਤਰ ਆਤਮਾ ਕੀ ਹੈ। ਪਵਿੱਤਰ ਆਤਮਾ ਇੱਕ ਕਰਾਰ ਹੈ। ਇਹ ਉਨ੍ਹਾਂ ਦੇ ਲਈ ਜਿਹੜੇ ਨਿਹਚਾ ਕਰਦੇ ਹਨ ਅਨੰਤ ਜੀਵਨ ਹੈ।

171 ਅਸੀਂ ਜਾਣਦੇ ਹਾਂ ਪਵਿੱਤਰ ਆਤਮਾ ਯਿਸੂ ਮਸੀਹ ਦਾ ਆਤਮਾ ਸੀ ਜੋ ਵਾਪਿਸ ਭੇਜਿਆ ਗਿਆ ਸੀ। ਅਤੇ ਅੱਜ ਸਾਡੇ ਅੰਦਰ ਹੈ। ਜਿਵੇਂ ਪਰਮੇਸ਼ਵਰ ਅੱਗ ਦੇ ਖੰਭੇ ਵਿੱਚ ਸਾਡੇ ਉੱਪਰ ਸੀ; ਅਤੇ ਫਿਰ ਉਹ ਸਾਡੇ ਨਾਲ ਚਲਿਆ ਫਿਰਿਆ...ਇੱਕ ਦੇਹ ਵਿੱਚ ਜੋ ਕਿ *ਇਨਮਾਨਊਏਲ*, “ਖੁਦਾ ਸਾਡੇ ਸੰਗ” ਸੀ; ਪਰਮੇਸ਼ਵਰ ਸਾਡੇ ਅੰਦਰ ਹੈ, ਪਵਿੱਤਰ ਆਤਮਾ ਦੇ ਰੂਪ ਵਿੱਚ, ਪਰਮੇਸ਼ਵਰ ਸਾਡੇ ਵਿੱਚ। ਔਹ!

ਯਿਸੂ ਨੇ ਕਿਹਾ ਸੀ, “ਅਤੇ ਉਸ ਦਿਨ ਤੁਸੀਂ ਜਾਣੋਗੇ ਕਿ ਮੈਂ ਪਿਤਾ ਵਿੱਚ ਹਾਂ, ਅਤੇ ਤੁਸੀਂ ਮੇਰੇ ਵਿੱਚ ਹੋ, ਅਤੇ ਮੈਂ ਤੁਹਾਡੇ ਵਿੱਚ ਹਾਂ। ਤੁਸੀਂ ਇਹ ਉਸ ਦਿਨ ਸਮਝੋਗੇ। ਕਿਉਂਕਿ ਅਜੇ ਤੁਸੀਂ ਸੰਸਾਰ ਦੇ ਹਨੇਰੇ ਵਿੱਚ ਹੋ। ਪਰ ਉਸ ਦਿਨ ਤੁਸੀਂ ਇਹ ਸਮਝ ਜਾਓਗੇ”।

172 ਪਿਤਾ, ਤਦ ਇਹ ਸਪਸ਼ਟ ਅਤੇ ਸਾਫ ਨਹੀਂ ਬਣਾਇਆ ਜਾ ਸਕਿਆ ਸੀ, ਕਿਉਂਕਿ ਉਦੋਂ ਸਾਡੇ ਕੋਲ ਵਿਸ਼ਵਾਸ ਕਰਨ ਲਈ ਕੁਝ ਵੀ ਨਹੀਂ ਸੀ। ਪਰ ਖੁਦਾ ਦੇ ਸਾਰੇ ਕੰਮ ਵਿਸ਼ਵਾਸ ਰਾਹੀਂ ਹੀ ਕਿਤੇ ਜਾਂਦੇ ਹਨ, ਤੇਰੇ ਵਚਨ ਅਤੇ ਸਬੂਤ ਉੱਤੇ ਕਿ ਪਵਿੱਤਰ ਆਤਮਾ ਇੱਥੇ ਹੈ ਮੈਂ ਤੇਰੇ ਕੋਲ ਬੇਨਤੀ ਕਰਦਾ ਹਾਂ ਕਿ ਤੂੰ ਹਰ ਇੱਕ ਭੁੱਖੇ ਪਿਆਸੇ ਪ੍ਰਾਨ ਨੂੰ ਪਵਿੱਤਰ ਆਤਮਾ ਦੇ ਨਾਲ ਭਰ ਦੇ। ਉਹ ਜਿਨ੍ਹਾਂ ਕੋਲ ਪਵਿੱਤਰ ਆਤਮਾ ਨਹੀਂ ਹੈ, ਅਤੇ ਇਸ ਨੂੰ ਪ੍ਰਾਪਤ ਕਰਨ ਲਈ ਭੁੱਖੇ ਹਨ, ਬਸ ਯਾਦ...ਪ੍ਰਭੂ ਅਸੀਂ ਉਹਨਾਂ ਨੂੰ ਬਿਲਕੁਲ ਉਸੇ ਤਰ੍ਹਾਂ ਹੀ ਕਹਿੰਦੇ ਹਾਂ ਜਿਵੇਂ ਤੂੰ ਕਿਹਾ ਸੀ, “ਮੁਬਾਰਕ ਹਨ ਉਹ ਜਿਹੜੇ ਭੁੱਖੇ ਅਤੇ ਪਿਆਸੇ ਹਨ, ਉਹ ਤ੍ਰਿਪਤ ਕੀਤੇ ਜਾਣਗੇ”। ਇਹ ਇੱਕ ਵਾਦਾ ਹੈ। ਅਤੇ ਇੱਥੋਂ ਤਕ ਕਿ ਭੁੱਖੇ ਹੋਣਾ ਵੀ ਇੱਕ ਬਰਕਤ ਹੈ। ਅਤੇ ਤੁਹਾਨੂੰ ਇਹ ਜਾਣ ਕੇ ਬਰਕਤ ਮਿਲੀ ਹੈ ਕਿ ਪਰਮੇਸ਼ਵਰ ਨੇ ਤੁਹਾਡੇ ਨਾਲ ਗੱਲਬਾਤ ਕੀਤੀ ਹੈ ਕਿਉਂ ਕਿ ਇਹ ਕਿਹਾ ਗਿਆ ਹੈ ਕਿ, “ਕੋਈ ਵੀ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ, ਜਦ ਤਕ ਪਿਤਾ ਹੀ ਉਸਨੂੰ ਮੇਰੇ ਕੋਲ ਨਾ ਖਿੱਚੇ”।

173 ਅਤੇ ਪ੍ਰਭੂ ਜਿਹੜੇ ਇੱਥੇ ਬਜੁਰਗ ਯੋਧਾ ਹਨ ਉਹਨਾਂ ਆਪਣੇ ਹੱਥਾਂ ਨੂੰ ਉੱਪਰ ਉਠਾਇਆ ਹੈ, ਮੈਂ ਵੀ ਆਪਣੇ ਹੱਥ ਨੂੰ ਉੱਪਰ ਚੁੱਕਿਆ ਹੈ। ਹੇ ਪ੍ਰਭੂ, ਸਾਨੂੰ ਸ਼ਕਤੀ ਦੇ ਅਤੇ ਸਾਨੂੰ ਚੰਗਾ ਕਰਨ ਲਈ ਤੂੰ ਅਪਣਾ ਹੱਥ ਲੰਮਾ ਕਰ ਕਿ ਨਿਸ਼ਾਨ ਅਤੇ ਅਚੰਭੇ ਕੰਮ ਤੇਰੇ ਪਵਿੱਤਰ ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ

ਕਿਤੇ ਜਾਣ ਹੋਣ ਦੇ ਕਿ ਇਹ ਇੱਕ ਮਹਾਨ ਸੇਵਕਾਈ ਹੋਵੇ। ਅਤੇ ਉਹਨਾਂ ਕੋਲੋਂ ਵੱਡੇ ਵੱਡੇ ਕੰਮ ਹੋਣ ਜੋ ਅੱਜ ਤਕ ਕਦੇ ਨਹੀਂ ਹੋਏ। ਪ੍ਰਭੂ, ਸਾਨੂੰ ਲੋਕਾਂ ਨਾਲ ਬੋਲਣ ਦੀ ਦਲੇਰੀ ਅਤੇ ਪਿਆਰ ਬਖਸ਼ ਦੇ। ਪ੍ਰਭੂ ਇਹ ਬਖਸ਼ ਦੇ। ਤੂੰ ਸਾਡੇ ਇਹਨਾਂ ਸਭਨਾਂ ਕੰਮਾਂ ਵਿੱਚ ਸਾਡੇ ਨਾਲ ਹੋ ਅਸੀਂ ਇਹ ਬੇਨਤੀ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

174 ਅਤੇ ਪ੍ਰਭੂ ਕਲ ਰਾਤ, ਇਹ ਹੋਣ ਦੇ ਕਿ ਇਸ ਭਵਨ ਵਿੱਚ ਹਨੇਰੀ ਦੀ ਇੱਕ ਵੱਡੀ ਗੂੰਜ ਆਵੈ ਕਿ ਇਹ ਇੱਕ ਹੋਰ ਪੈਂਤੀਕੁਸੱਤ ਵਾਂਗ ਹੋਵੇ। ਨੀਂਹ ਰੱਖੀ ਜਾਂ ਚੁੱਕੀ ਹੈ ਸਭ ਕੁਝ ਤਿਆਰ ਹੈ। ਬਲੱਡ ਅਤੇ ਬੱਕਰੇ ਮਾਰੇ ਜਾ ਚੁੱਕੇ ਹਨ। ਮੇਜ ਲਗਾਈ ਜਾ ਚੁੱਕੀ ਹੈ। ਪ੍ਰਹੁਣਿਆਂ ਨੂੰ ਬੁਲਾਵਾ ਦਿੱਤਾ ਜਾ ਚੁੱਕਾ ਹੈ। ਹੇ ਪ੍ਰਭੂ, ਕਲ ਰਾਤ ਤੂੰ ਇਸ ਭਵਨ ਵਿੱਚ ਪੈਂਤੀਕੁਸੱਤ ਵਾਲੀ ਜੁਬਲੀ ਅਥਵਾ ਆਨੰਦ ਨੂੰ ਭੇਜ ਦੇ। ਅਤੇ ਹਰੇਕ ਪ੍ਰਾਨ ਨੂੰ ਪਵਿੱਤਰ ਆਤਮਾ ਨਾਲ ਭਰ ਦੇ। ਪਿਤਾ ਇਸ ਬੇਨਤੀ ਨੂੰ ਕਬੂਲ ਕਰ। ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ, ਆਮੀਨ।

...ਅਸੀਂ ਬਹੁਤ ਸਾਰੀਆਂ ਗੱਲਾਂ ਸਿੱਖਾਂਗੇ;
ਸਾਡੇ ਕੋਲ ਸੋਨੇ ਨਾਲ ਬਣੀ ਬਰਬਤ ਹੋਵੇਗੀ, ਜਿਹਦੀਆਂ ਸ਼ਾਇਦ ਹਜਾਰਾਂ ਹੀ ਤਾਰਾਂ ਹੋਣਗੀਆਂ;
ਅਸੀਂ ਗਾਵਾਂਗੇ, ਨੱਚਾਂਗੇ ਅਤੇ ਸ਼ੋਰ ਮਚਾਵਾਂਗੇ, ਕਿਉਂਕਿ ਲੇਲਾ ਸਾਡੇ ਸਾਰੇ ਹੰਝੂ ਪੂੰਝ ਦੇਵੇਗਾ;
ਸਾਡੇ ਕੋਲ ਇੱਕ ਘਰ ਹੋਵੇਗਾ-...ਮਹਾਨ ਘਰ ਵਾਪਿਸ ਆਉਣ ਦਾ ਹਫਤਾ, ਪਹਿਲੇ ਦੱਸ ਹਜਾਰ ਸਾਲ। ਆਮੀਨ!

ਪਰਮੇਸ਼ਵਰ ਦੇ ਪੁੱਤਰ ਦੇ ਬਹੁਮੁੱਲੇ ਲਹੂ ਨੇ ਸਾਨੂੰ ਧੋ ਕੇ ਸਾਫ ਕੀਤਾ ਹੈ
ਅਦਭੁਤ ਲੋਕ ਉਸਦੇ ਨਾਮ ਦੇ ਹਨ ਅਤੇ ਉਹ ਲਾੜੀ ਸਦਾਉਂਦੇ ਹਨ।
ਭਾਵੇਂ ਇੱਥੇ ਤਿਆਗੇ ਅਤੇ ਲਤਾੜੇ ਜਾਂਦੇ ਹਨ, ਪਰ ਇੱਕ ਦਿਨ ਪ੍ਰਭੂ ਸਾਨੂੰ ਲੈ ਕੇ ਆਵੇਗਾ,
ਚੁਣੇ ਹੋਏ ਦਰਵਾਜਿਆਂ ਦੇ ਅੰਦਰ ਹੋਣਗੇ, ਅਤੇ ਉਹ ਹੀ...

*ਪਵਿੱਤਰ ਆਤਮਾ ਕਿਸ ਲਈ ਦਿੱਤਾ ਜਾਂਦਾ ਹੈ?* PUN59-1217

(What Was The Holy Ghost Given For?)

**ਪਵਿੱਤਰ ਆਤਮਾ ਦੀ ਲੜੀ**

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ, ਮੁੱਖ ਰੂਪ ਵਿੱਚ ਅੰਗ੍ਰੇਜੀ ਵਿੱਚ ਦਿੱਤਾ, 17 ਦਿਸੰਬਰ ਸੰਨ 1959 ਵਿੱਚ ਵੀਰਵਾਰ ਸ਼ਾਮ ਨੂੰ ਬ੍ਰਾਨਹਮ ਟੇਬਰਨੇਕਲ ਜੈਫਰਸਨਵਿਲੇ ਇੰਡਿਆਨਾ ਯੂ. ਐਸ. ਏ. ਚੁੰਬਕੀ ਟੇਪ ਰਿਕਾਰਡਿੰਗ ਅਤੇ ਅੰਗ੍ਰੇਜੀ ਵਿੱਚ ਛਾਪਿਆ ਤੇ ਉਲੇਖਿਆ ਹੋਈਆ ਵਿੱਚੋਂ ਲਿਆ ਗਿਆ ਹੈ। ਇਹਦਾ ਪੰਜਾਬੀ ਤਰਜਮਾ ਵੋਈਸ ਔਫ ਗੋਡ ਰਿਕੋਡਿੰਗ ਵੱਲੋਂ ਹੀ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org